# ਮੇਰੀ ਦੁਨੀਆ

## (ਵਾਤਾਵਰਨ ਸਿੱਖਿਆ)

### ਸ਼੍ਰੇਣੀ – 3


| | | |
|---|---|---|
| ਸੰਪਾਦਕ | : | ਸ਼ਰੁਤੀ ਸ਼ੁਕਲਾ |
| ਲੇਖਨ | : | ਸ਼ਰੁਤੀ ਸ਼ੁਕਲਾ, ਰਾਜਪਾਲ ਸਿੰਘ, ਗੁਰਮੀਤ ਸਿੰਘ, ਕੁਲਵੰਤ ਸਿੰਘ ਢੰਡ, ਵਰਿੰਦਰ ਕੁਮਾਰ, ਗੁਰਵਿੰਦਰ ਸਿੰਘ, ਨਿਰਮਲ ਸਿੰਘ |
| ਚਿਤਰਕਾਰ | : | ਕੁਲਜੀਤ ਕੌਰ |
| ਵਿਸ਼ਾ-ਸੂਚੀ ਅਤੇ ਕਵਰ-ਡਿਜ਼ਾਇਨ | : | ਤਰਸੇਮ ਸਿੰਘ ਅਤੇ ਰਾਜਿੰਦਰ ਸਿੰਘ |
| ਫੋਟੋਗ੍ਰਾਫੀ | : | ਸ਼ਰੁਤੀ ਸ਼ੁਕਲਾ, ਵਰਿੰਦਰ ਕੁਮਾਰ, ਗੁਰਵਿੰਦਰ ਸਿੰਘ, ਨਿਰਮਲ ਸਿੰਘ |
| ਸੰਯੋਜਕ | | |



## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ 2016 : 2,23,000 ਕਾਪੀਆਂ

All rights, including those of translation, reproduction
and annotation etc., are reserved by the
Punjab Government

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਤੇ ਜਿਲਦ-ਸਾਜੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਮੁੱਲ : ਰੁ 47/-

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਸਵੈਨ ਪ੍ਰਿੰਟਿੰਗ ਪ੍ਰੈਸ, ਜਲੰਧਰ 144008 ਰਾਹੀਂ ਛਾਪੀ ਗਈ।

# ਮੁੱਖ-ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਤੋਂ ਹੀ ਸਕੂਲ ਪੱਧਰ ਦੇ ਪਾਠਕ੍ਰਮ ਬਣਾਉਣ ਤੇ ਇਹਨਾਂ ਪਾਠਕ੍ਰਮਾਂ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਲੇਖਕਾਂ ਵੱਲੋਂ ਇਹ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਪੁਸਤਕ ਦੀ ਰੂਪ-ਰੇਖਾ ਤੀਜੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਮੁਤਾਬਿਕ ਹੀ ਹੋਵੇ। ਪੁਸਤਕ ਵਿੱਚ ਦਿੱਤੀ ਵਿਸ਼ਾ-ਸਮੱਗਰੀ ਅਤੇ ਉਦਾਹਰਨਾਂ ਵਿਦਿਆਰਥੀਆਂ ਦੇ ਆਲੇ-ਦੁਆਲੇ ਦੇ ਵਾਤਾਵਰਨ ਅਤੇ ਉਸ ਨਾਲ ਸਬੰਧਿਤ ਪ੍ਰਸਥਿਤੀਆਂ ਮੁਤਾਬਿਕ ਹੀ ਤਿਆਰ ਕੀਤੇ ਗਏ ਹਨ। ਹਰੇਕ ਪਾਠ ਵਿੱਚ ਕਈ ਕਿਰਿਆਵਾਂ ਦਿੱਤੀਆਂ ਗਈਆਂ ਹਨ। ਸਥਾਨਕ ਸਾਧਨਾਂ ਅਤੇ ਵਿਦਿਆਰਥੀ ਜੀਵਨ ਦੇ ਅਸਲੀ ਹਾਲਤਾਂ ਅਨੁਸਾਰ ਇਹ ਕਿਰਿਆਵਾਂ ਬਦਲੀਆਂ ਜਾ ਸਕਦੀਆਂ ਹਨ।

ਹੱਥਲੀ ਪੁਸਤਕ ਤੀਜੀ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਵੱਖ-ਵੱਖ ਵਰਕਸ਼ਾਪਾਂ ਲਗਾ ਕੇ ਖੇਤਰੀ ਮਾਹਿਰਾਂ ਵੱਲੋਂ NCF-2005 ਅਤੇ PCF 2013 ਦੇ ਆਧਾਰ ਤੇ ਤਿਆਰ ਕੀਤੀ ਗਈ ਹੈ। ਕਿਰਿਆਵਾਂ ਅਤੇ ਚਿੱਤਰਾਂ ਦੀ ਸਹਾਇਤਾ ਨਾਲ ਇਸ ਪਾਠ-ਪੁਸਤਕ ਨੂੰ ਰੋਚਕ ਬਣਾਉਣ ਦਾ ਪੂਰਾ ਯਤਨ ਕੀਤਾ ਗਿਆ ਹੈ। ਇਹ ਪੁਸਤਕ ਬੋਰਡ ਦੇ ਵਾਤਾਵਰਨ ਸਿੱਖਿਆ ਵਿਸ਼ੇ ਦੇ ਮਾਹਿਰ ਅਤੇ ਬੋਰਡ ਆਫ ਸਟੱਡੀਜ਼ ਦੇ ਮੈਂਬਰਾਂ ਦੇ ਸਹਿਯੋਗ ਨਾਲ ਡਿਪਟੀ-ਡਾਇਰੈਕਟਰ ਅਕਾਦਮਿਕ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਹੈ। ਅਸੀਂ ਇਹਨਾਂ ਸਾਰਿਆਂ ਦੇ ਧੰਨਵਾਦੀ ਹਾਂ।

ਆਸ ਹੈ ਕਿ ਇਹ ਪਾਠ-ਪੁਸਤਕ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਲਾਹੇਵੰਦ ਸਿੱਧ ਹੋਵੇਗੀ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿਚੋਂ ਆਏ ਸੁਝਾਵਾਂ ਨੂੰ ਬੋਰਡ ਆਦਰ ਸਹਿਤ ਸਵੀਕਾਰ ਕਰੇਗਾ।

ਚੇਅਰਪਰਸਨ
**ਪੰਜਾਬ ਸਕੂਲ ਸਿੱਖਿਆ ਬੋਰਡ**

# ਪਾਠ-ਪੁਸਤਕ ਬਾਰੇ

ਮੌਜੂਦਾ ਪੁਸਤਕ ਦਾ ਪਾਠਕ੍ਰਮ ਰਾਸ਼ਟਰੀ ਪਾਠਕ੍ਰਮ ਢਾਂਚਾ 2005 (NCF-2005) ਅਤੇ PCF 2013 ਵਿੱਚ ਦਿੱਤੇ ਸੁਝਾਵਾਂ ਦਾ ਵਿਸ਼ਲੇਸ਼ਨ ਕਰਨ ਉਪਰੰਤ ਤਿਆਰ ਕੀਤਾ ਗਿਆ ਹੈ। ਇਸ ਦੀ ਤਿਆਰੀ ਲਈ ਖੇਤਰ ਵਿਚੋਂ ਅਧਿਆਪਕਾਂ ਅਤੇ ਵਿਸ਼ਾ-ਮਾਹਿਰਾਂ ਦੀਆਂ ਕਈ ਵਰਕਸ਼ਾਪਾਂ ਲਗਾਈਆਂ ਗਈਆਂ। ਸਥਾਨਕ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਛੇ ਪ੍ਰਸੰਗਾਂ ਜਿਵੇਂ- ਰਿਸ਼ਤੇ ਤੇ ਦੇਖਭਾਲ, ਭੋਜਨ, ਨਿਵਾਸ, ਪਾਣੀ, ਆਵਾਜਾਈ ਅਤੇ ਕਰੋ ਤੇ ਸਿੱਖੋ ਦਾ ਵਰਣਨ ਕੀਤਾ ਗਿਆ ਹੈ, ਜਿਨ੍ਹਾਂ ਦਾ ਵਿਦਿਆਰਥੀ ਜੀਵਨ ਨਾਲ ਨੇੜੇ ਦਾ ਸੰਬੰਧ ਹੈ।

ਬੱਚੇ ਲਈ ਵਾਤਾਵਰਨ ਉਸਦਾ ਸਰੀਰ, ਪਰਿਵਾਰ, ਘਰ ਅਤੇ ਉਸਦਾ ਆਲਾ-ਦੁਆਲਾ ਹੈ। ਸਭ ਤੋਂ ਪਹਿਲਾਂ ਬੱਚਾ ਆਪਣੇ ਆਲੇ-ਦੁਆਲੇ ਦੇ ਸੰਪਰਕ ਵਿੱਚ ਆਉਂਦਾ ਹੈ ਜਿਹੜਾ ਉਸ ਲਈ ਮੂਲ ਸਿੱਖਣ-ਸ੍ਰੋਤ ਬਣਦਾ ਹੈ। ਬੱਚੇ ਦੇ ਆਲੇ-ਦੁਆਲੇ ਵਿੱਚ ਕੁਦਰਤੀ, ਸਮਾਜਿਕ ਤੇ ਸੱਭਿਆਚਾਰਕ ਦੁਨੀਆਂ ਸ਼ਾਮਲ ਹੈ। ਜੋ ਕਲਾ, ਲੋਕਗਾਨ, ਸੰਗੀਤ, ਨ੍ਰਿਤ ਅਤੇ ਭਾਸ਼ਾ ਨੂੰ ਦਰਸਾਉਂਦਾ ਹੈ। ਬੱਚਾ ਹੌਲੀ-ਹੌਲੀ (ਸਹਿਜੇ-ਸਹਿਜੇ) ਗਰਮੀ, ਠੰਢ, ਵਰਖਾ ਬਾਰੇ ਅਨੁਭਵ ਕਰਨ ਲੱਗਦਾ ਹੈ, ਜੰਤੂਆਂ ਅਤੇ ਪੌਦਿਆਂ ਨੂੰ ਵੇਖਦਾ ਹੈ। ਬੱਚਾ ਇਸ ਸਭ ਕੁੱਝ ਨੂੰ ਆਪਣੀ ਦੁਨੀਆ ਸਮਝਦਾ ਹੈ। ਇਸ ਲਈ ਮੌਜੂਦਾ ਪੁਸਤਕ ਦਾ ਨਾਂ "ਮੇਰੀ ਦੁਨੀਆ" ਰੱਖਿਆ ਗਿਆ ਹੈ।

ਪੁਸਤਕ ਦੀ ਤਿਆਰੀ ਲਈ ਅਗਾਂਹਵਧੂ ਪਹੁੰਚ ਅਪਣਾਈ ਗਈ ਹੈ। ਵਿਸ਼ਾ ਵਸਤੂ ਨੂੰ ਰੋਚਕ ਬਣਾਉਣ ਲਈ ਪਾਠ ਕਹਾਣੀ, ਵਾਰਤਾਲਾਪ, ਕਵਿਤਾ ਦੇ ਰੂਪ ਵਿੱਚ ਲਿਖੇ ਗਏ ਹਨ। ਅਜਿਹਾ ਕਰਨ ਨਾਲ ਵਿਦਿਆਰਥੀਆਂ ਤੇ ਪੜ੍ਹਾਈ ਦਾ ਬੋਝ ਅਤੇ ਤਣਾਉ ਘਟੇਗਾ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸਿੱਖਣਾ ਤੇ ਸਿਖਾਉਣਾ ਇੱਕ ਖੇਡ ਦੀ ਤਰ੍ਹਾਂ ਹੋਵੇਗਾ। ਇਹ ਪੁਸਤਕ ਵਿਦਿਆਰਥੀਆਂ ਨੂੰ ਹੇਠ ਲਿਖੇ ਖੇਤਰਾਂ ਵਿੱਚ ਸਹਾਈ ਹੋਵੇਗੀ :-

- ਕੁਝ ਆਮ ਵਸਤੂਆਂ, ਪੌਦਿਆਂ ਅਤੇ ਜੰਤੂਆਂ ਦੀ ਪਹਿਚਾਣ ਕਰਨ ਲਈ।
- ਅਵਲੋਕਨ, ਵਰਣਨ ਕਰਨ, ਸਵੈ-ਪ੍ਰਗਟਾਵਾ ਵਰਗੀਆਂ ਕੁਸ਼ਲਤਾਵਾਂ ਗ੍ਰਹਿਣ ਕਰਨ ਵਿੱਚ।
- ਪੌਦਿਆਂ, ਜੰਤੂਆਂ, ਬਿਮਾਰ ਵਿਅਕਤੀਆਂ, ਬਜ਼ੁਰਗਾਂ ਅਤੇ ਚੁਣੌਤੀ ਵਾਲੇ ਲੋਕਾਂ ਪ੍ਰਤੀ ਪਿਆਰ ਦਾ ਪ੍ਰਗਟਾਵਾ ਕਰਨ ਲਈ।

ਮੌਜੂਦਾ ਪੁਸਤਕ ਪ੍ਰਯੋਗਾਂ ਅਤੇ ਕਿਰਿਆਵਾਂ 'ਤੇ ਅਧਾਰਤ ਹੈ ਜੋ ਬੱਚਿਆਂ ਵਿੱਚ ਉਤਸੁਕਤਾ, ਰਚਨਾਤਮਕਤਾ, ਮੁਕਾਬਲੇ ਦੀ ਭਾਵਨਾ ਅਤੇ ਹਰਦਰਦੀ ਪੈਦਾ ਕਰਨ ਵਿੱਚ ਉਤਪ੍ਰੇਰਕ ਦਾ ਕੰਮ ਕਰੇਗੀ। ਇਹ ਪੁਸਤਕ ਬੁਝਾਰਤਾਂ, ਪਹੇਲੀਆਂ, ਕੋਲਾਜ, ਪ੍ਰੋਜੈਕਟ, ਸਮੂਹਿਕ ਚਰਚਾ, ਵਿਦਿਅਕ ਟੂਰ ਅਤੇ ਖੇਤਰੀ ਅਨੁਭਵ ਵਰਗੀਆਂ ਵਿਦਿਅਕ ਗਤੀਵਿਧੀਆਂ ਦਾ ਸੁਮੇਲ ਹੈ।

ਹੱਥਲੀ ਪੁਸਤਕ ਵਿੱਚ ਵਾਤਾਵਰਨ ਨੂੰ ਕੁਦਰਤ ਤੇ ਮਨੁੱਖ ਨਿਰਮਿਤ ਵਾਤਾਵਰਨ ਜਿਵੇਂ ਸੱਭਿਆਚਾਰਕ, ਇਤਿਹਾਸਕ, ਨੈਤਿਕ ਅਤੇ ਸੁਹਜਾਤਮਕਤਾ ਦੇ ਸੁਮੇਲ ਵਜੋਂ ਲਿਆ ਗਿਆ ਹੈ। ਇਹ ਪੁਸਤਕ ਵਿਦਿਆਰਥੀ ਕੇਂਦਰਿਤ ਹੈ ਅਤੇ ਇਹ ਰਸਮੀ ਤੇ ਗੈਰ-ਰਸਮੀ ਗਿਆਨ ਲਈ ਸ੍ਰੋਤ ਵਜੋਂ ਕੰਮ ਕਰੇਗੀ। ਵਿਦਿਆਰਥੀ ਆਪਣੇ ਖੇਤਰੀ ਗਿਆਨ ਨੂੰ ਆਪਣੇ ਸਕੂਲੀ ਗਿਆਨ ਨਾਲ ਜੋੜਨ ਲਈ ਉਤਸ਼ਾਹਿਤ ਹੋਣਗੇ। ਪੁਸਤਕ ਵਿਚਲੀਆਂ ਕਿਰਿਆਵਾਂ ਇਸ ਪ੍ਰਕਾਰ ਤਿਆਰ ਕੀਤੀਆਂ ਗਈਆਂ ਹਨ ਜਿਸ ਵਿੱਚ ਮਾਪੇ ਤੇ ਅਧਿਆਪਕ ਆਪਣਾ ਯੋਗਦਾਨ ਪਾ ਸਕਣ। ਨੈਤਿਕ ਤੇ ਸਮਾਜਿਕ ਕਦਰਾਂ ਕੀਮਤਾਂ ਵਿਦਿਆਰਥੀਆਂ ਅੰਦਰ ਭਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਪੁਸਤਕ ਵਿਦਿਆਰਥੀਆਂ ਨੂੰ ਆਪਣੇ ਗਿਆਨ ਵਿੱਚ ਵਾਧਾ ਕਰਨ ਤੇ ਆਪਣੇ ਅਨੁਭਵ ਨੂੰ ਵਧਾਉਣ ਵਿੱਚ ਸਹਾਈ ਹੋਵੇਗੀ। ਇਹ ਪੁਸਤਕ ਅਧਿਆਪਕਾਂ ਲਈ ਗਿਆਨ ਦੇ ਸ੍ਰੋਤ ਵੱਜੋਂ ਕੰਮ ਕਰੇਗੀ ਜਿਸ ਨਾਲ ਉਹ ਵਿਦਿਆਰਥੀਆਂ ਦੇ ਗਿਆਨ ਦੇ ਪੱਧਰ ਨੂੰ ਉੱਚਾ ਚੁੱਕ ਸਕਣਗੇ। ਖੇਤਰ ਵਿਚੋਂ ਆਏ ਸੁਝਾਵਾਂ ਅਤੇ ਅਲੋਚਨਾਵਾਂ ਦਾ ਸੁਆਗਤ ਕੀਤਾ ਜਾਵੇਗਾ।

ਸੰਪਾਦਕ

ਸਰੁਚੀ ਸ਼ੁਕਲਾ

# ਵਿਸ਼ਾ ਸੂਚੀ


ਮੁੱਖ-ਬੰਧ

ਪਾਠ-ਪੁਸਤਕ ਬਾਰੇ

## ਇਕਾਈ-1 ਸੰਬੰਧ ਅਤੇ ਦੇਖਭਾਲ

| | ਪੰਨਾ ਨੰ. |
|---|---|
| 1. ਮੇਰਾ ਪਰਿਵਾਰ | 01 |
| 2. ਦਾਦਾ ਜੀ ਜਦੋਂ ਜਵਾਨ ਸਨ..... | 06 |
| 3. ਮੇਰੇ ਵੀਰ ਦਾ ਵਿਆਹ | 10 |
| 4. ਕਿੱਕਲੀ | 15 |
| 5. ਪੌਦੇ-ਸਾਡੇ ਮਿੱਤਰ | 20 |
| 6. ਰੰਗ-ਬਿਰੰਗੇ ਪੱਤੇ | 27 |
| 7. ਨਾਨੀ ਦਾ ਪਿੰਡ | 33 |
| 8. ਪੰਛੀਆਂ ਦੀ ਦੁਨੀਆ | 40 |

## ਇਕਾਈ-2 ਭੋਜਨ

| | ਪੰਨਾ ਨੰ. |
|---|---|
| 9. ਖਾਓ ਪੀਓ-ਮੌਜਾਂ ਮਾਣੋ | 46 |
| 10. ਕਰੀਏ ਸੇਵਾ-ਪਾਈਏ ਮੇਵਾ | 52 |

## ਇਕਾਈ-3 ਨਿਵਾਸ


ਪੰਨਾ ਨੰ.

11. ਗੁੱਡੀ ਦਾ ਘਰ 58
12. ਵੱਖ-ਵੱਖ ਤਰ੍ਹਾਂ ਦੇ ਘਰ 61
13. ਪਿੰਕੀ ਕਿੱਥੇ ਰਹਿੰਦੀ ਹੈ? 65






## ਇਕਾਈ-4 ਪਾਣੀ


ਪੰਨਾ ਨੰ.

14. ਬੂੰਦ-ਬੂੰਦ ਪਾਣੀ 69
15. ਪਾਣੀ - ਸਾਡਾ ਜੀਵਨ 73


## ਇਕਾਈ-5 ਆਵਾਜਾਈ ਅਤੇ ਸੰਚਾਰ


ਪੰਨਾ ਨੰ.

16. ਸ਼੍ਰੀ ਅੰਮ੍ਰਿਤਸਰ ਨੂੰ ਜਾਂਦਿਆਂ 77
17. ਇੱਕ ਚਿੱਠੀ-ਤੁਹਾਡੇ ਲਈ 84




## ਇਕਾਈ-6 ਕਰੋ ਅਤੇ ਸਿੱਖੋ


ਪੰਨਾ ਨੰ.

18. ਫੁੱਲਾਂ ਵਾਲੀ ਫ਼ਰਾਕ 88
19. ਮਿੱਟੀ ਦੇ ਖਿਡੌਣੇ 92






ਪਾਠ-1

# ਮੇਰਾ ਪਰਿਵਾਰ

ਦੀਪੂ ਦੀ ਭੂਆ ਦੀਪੂ ਨੂੰ ਆਪਣੇ ਕੋਲ ਲੈ ਗਈ। ਉਸਦੀ ਭੂਆ ਚਾਹੁੰਦੀ ਸੀ ਕਿ ਉਹ ਉਸ ਕੋਲ ਰਹਿ ਕੇ ਪੜ੍ਹੇ। ਪਰ ਦੀਪੂ ਦਾ ਉਥੇ ਦਿਲ ਨਹੀਂ ਲੱਗਿਆ। ਕੁਝ ਦਿਨ ਬਾਅਦ ਉਹ ਰੋਣ ਲੱਗਾ ਕਿ ਉਸਨੇ ਤਾਂ ਆਪਣੇ ਘਰ ਜਾਣਾ ਹੈ, ਉਥੇ ਨਹੀਂ ਰਹਿਣਾ। ਉਸਦੀ ਭੂਆ ਬਹੁਤ ਪ੍ਰੇਸ਼ਾਨ ਹੋਈ। ਉਹ ਪੁੱਛਣ ਲੱਗੀ ਕਿ ਕੀ ਗੱਲ ਹੈ? ਇਥੇ ਤੈਨੂੰ ਕੀ ਨਹੀਂ ਮਿਲਦਾ? ਦੀਪੂ ਕਹਿਣ ਲੱਗਾ ਉਸਦਾ ਮੰਮੀ ਬਿਨਾਂ ਦਿਲ ਨਹੀਂ ਲੱਗਦਾ। ਉਥੇ ਉਹ ਆਪਣੀ ਭੈਣ ਨਾਲ ਖੇਡਦਾ ਹੁੰਦਾ ਸੀ। ਇੱਥੇ ਉਸਦੀ ਭੈਣ ਵੀ ਨਹੀਂ ਹੈ। ਉਸਨੂੰ ਆਪਣੇ ਪਾਪਾ ਦੀ ਵੀ ਬਹੁਤ ਯਾਦ ਆਉਂਦੀ ਹੈ। ਉਸਦੀ ਭੂਆ ਨੇ ਉਸਨੂੰ ਬਹੁਤ ਕਿਹਾ ਕਿ ਉਹ ਉਸਨੂੰ ਨਵੇਂ ਕੱਪੜੇ ਲੈ ਕੇ ਦੇਣਗੇ, ਨਵਾਂ ਸਾਈਕਲ ਲੈ ਕੇ ਦੇਣਗੇ। ਪਰ ਦੀਪੂ ਨਾ ਮੰਨਿਆ। ਆਖਰ ਉਸਦੀ ਭੂਆ ਉਸਨੂੰ ਵਾਪਸ ਛੱਡਣ ਆ ਗਈ। ਘਰ ਆ ਕੇ ਉਹ ਬਹੁਤ ਖੁਸ਼ ਹੋਇਆ।

? 1. ਤੁਸੀਂ ਆਪਣੇ ਘਰ ਵਿੱਚ ਰਹਿਣਾ ਪਸੰਦ ਕਰਦੇ ਹੋ ਕਿ ਆਪਣੇ ਰਿਸ਼ਤੇਦਾਰਾਂ ਕੋਲ?

? 2. ਘਰ ਵਿੱਚ ਤੁਹਾਨੂੰ ਸਭ ਤੋਂ ਵੱਧ ਚੰਗਾ ਕੌਣ ਲਗਦਾ ਹੈ?

? 3. ਘਰ ਵਿੱਚ ਤੁਹਾਨੂੰ ਸਭ ਤੋਂ ਵੱਧ ਪਿਆਰ ਕੌਣ ਕਰਦਾ ਹੈ?

ਕਿਰਿਆ : 1

(1) ਤੁਹਾਡੇ ਘਰ ਵਿੱਚ ਕੌਣ-ਕੌਣ ਹਨ? ਉਹਨਾਂ ਦੇ ਨਾਮ ਲਿਖੋ ਅਤੇ ਦੱਸੋ ਕਿ ਉਹ ਤੁਹਾਡੇ ਕੀ ਲੱਗਦੇ ਹਨ?

| ਨਾਮ | ਤੁਹਾਡੇ ਨਾਲ ਸੰਬੰਧ |
|---|---|
| .......................... | .......................................................................... |
| .......................... | .......................................................................... |
| .......................... | .......................................................................... |
| .......................... | .......................................................................... |

ਕਿਰਿਆ : 2

ਘਰ ਦੇ ਕੋਈ ਦੋ ਮੈਂਬਰਾਂ ਦਾ ਆਪਸੀ ਰਿਸ਼ਤਾ ਲਿਖੋ :

| | | | | |
|---|---|---|---|---|
| ਉਦਾਹਰਣ : | (1) | ਚਾਚਾ | ਭੂਆ | ਭੈਣ-ਭਰਾ |
| | (2) | ............... | ............... | ............... |
| | (3) | ............... | ............... | ............... |

## ਕਿਰਨ ਦਾ ਪਰਿਵਾਰ



ਚਿੱਤਰ 1.1 ਚਾਰ ਮੈਂਬਰਾਂ ਵਾਲਾ ਪਰਿਵਾਰ

ਕਿਰਨ ਦੇ ਘਰ ਵਿੱਚ ਚਾਰ ਜੀਅ ਹਨ – ਕਿਰਨ, ਉਸਦੇ ਮਾਤਾ-ਪਿਤਾ ਅਤੇ ਉਸਦਾ ਛੋਟਾ ਭਰਾ ਸੋਨੂੰ। ਉਸਦੇ ਪਿਤਾ ਬੈਂਕ ਵਿੱਚ ਨੌਕਰੀ ਕਰਦੇ ਹਨ ਜਦ ਕਿ ਮਾਤਾ ਸਕੂਲ ਵਿੱਚ ਅਧਿਆਪਕਾ ਹੈ। ਦੋ ਸਾਲ ਪਹਿਲਾਂ ਉਹ ਕਿਰਨ ਦੇ ਦਾਦਾ-ਦਾਦੀ ਦੇ ਘਰ ਵਿੱਚ ਹੀ ਰਹਿੰਦੇ ਸਨ। ਪਰ ਕਿਰਨ ਦੇ ਪਿਤਾ ਨੂੰ ਸ਼ਹਿਰ ਵਿੱਚ ਨੌਕਰੀ ਮਿਲਣ ਕਰਕੇ, ਉਹ ਚਾਰੋਂ ਹੁਣ ਇਥੇ ਰਹਿਣ ਲੱਗੇ ਹਨ।

## ਕੁਲਦੀਪ ਦਾ ਪਰਿਵਾਰ

ਕੁਲਦੀਪ ਦਾ ਘਰ ਬਹੁਤ ਵੱਡਾ ਹੈ। ਉਸਦੇ ਪਿਤਾ ਅਵਤਾਰ ਸਿੰਘ ਖੇਤੀ ਦਾ ਕੰਮ ਕਰਦੇ ਹਨ। ਉਸਦੇ ਚਾਚਾ ਜਗਤਾਰ ਸਿੰਘ ਵੀ ਖੇਤ ਵਿੱਚ ਉਹਨਾਂ ਦੀ ਮੱਦਦ ਕਰਦੇ ਹਨ। ਉਸਦੇ ਮਾਤਾ ਨਸੀਬ ਕੌਰ ਘਰ ਵਿੱਚ ਪਸ਼ੂਆਂ ਨੂੰ ਸਾਂਭਦੇ ਹਨ। ਜਦ ਉਸਦੀ ਮਾਤਾ ਮੱਝਾਂ ਦਾ ਦੁੱਧ ਚੋਅ ਰਹੀ ਹੁੰਦੀ ਹੈ ਤਾਂ ਉਸਦੀ ਚਾਚੀ ਰਸੋਈ ਵਿੱਚ ਖਾਣਾ ਬਣਾਉਂਦੀ ਹੈ। ਉਸਦੇ ਚਾਚਾ ਜੀ ਦੀ ਲੜਕੀ, ਮਨਦੀਪ ਵੀ ਉਹਨਾਂ ਦੇ ਨਾਲ ਰਹਿੰਦੀ ਹੈ। ਸ਼ਾਮ ਨੂੰ ਜਦ ਖਾਣਾ ਬਣ ਜਾਂਦਾ ਹੈ ਤਾਂ ਦਾਦੀ ਜੀ ਸਭ ਨੂੰ ਖਾਣਾ ਵਰਤਾ ਦਿੰਦੇ ਹਨ।

? 1. ਤੁਹਾਡੇ ਪਰਿਵਾਰ ਵਿੱਚ ਕਿੰਨੇ ਮੈਂਬਰ (ਜੀਅ) ਹਨ ?

? 2. ਤੁਹਾਡਾ ਪਰਿਵਾਰ ਕਿਰਨ ਦੇ ਪਰਿਵਾਰ ਵਰਗਾ ਹੈ ਜਾਂ ਕੁਲਦੀਪ ਦੇ ਪਰਿਵਾਰ ਵਰਗਾ ?

ਕੱਲ੍ਹ ਸ਼ਾਮ ਜਦ ਦਾਦੀ ਮਾਂ ਖਾਣਾ ਵਰਤਾ ਰਹੀ ਸੀ ਤਾਂ ਕੁਲਦੀਪ ਬਾਹਰੋਂ ਖੇਡਦਾ ਹੋਇਆ ਆਇਆ ਅਤੇ ਸਿੱਧਾ ਹੀ ਰੋਟੀ ਵਾਲੀ ਥਾਲੀ ਨੂੰ ਜਾ ਚਿੰਬੜਿਆ। ਦਾਦੀ ਜੀ ਨੇ ਥਾਲੀ ਪਾਸੇ ਕਰਦੇ ਹੋਏ ਕਿਹਾ, "ਜਾਹ ਪਹਿਲਾਂ ਹੱਥ ਧੋ ਕੇ ਆ, ਇਉਂ ਬਿਮਾਰ ਹੋਣਾ ਏ ?"

ਸੋਚੋ – ਰੋਟੀ ਖਾਣ ਤੋਂ ਪਹਿਲਾਂ ਹੱਥ ਕਿਉਂ ਧੋਣੇ ਚਾਹੀਦੇ ਹਨ ?

**ਅਧਿਆਪਕ ਲਈ :** ਅਧਿਆਪਕ ਵਿਸਥਾਰਪੂਰਵਕ ਦੱਸੇ ਕਿ ਗੰਦੇ ਹੱਥਾਂ ਵਿੱਚ ਕੀਟਾਣੂ ਹੁੰਦੇ ਹਨ ਜੋ ਬਿਮਾਰ ਕਰ ਕਰ ਦਿੰਦੇ ਹਨ।

## ਪੰਮੀ ਦਾ ਪਰਿਵਾਰ

ਪੰਮੀ ਆਪਣੇ ਨਾਨਕੇ ਘਰ ਰਹਿੰਦੀ ਹੈ। ਉਥੇ ਉਸਦੇ ਮਾਮਾ-ਮਾਮੀ ਅਤੇ ਨਾਨਾ-ਨਾਨੀ ਵੀ ਰਹਿੰਦੇ ਹਨ। ਪੰਮੀ ਨੂੰ ਇੱਕ ਦਿਨ ਟਰੰਕ ਵਿਚੋਂ ਕੁਝ ਗੁੱਡੀਆਂ ਲੱਭ ਗਈਆਂ। ਉਸਦੀ ਨਾਨੀ ਨੇ ਦੱਸਿਆ ਕਿ ਪੰਮੀ ਦੀ ਮਾਂ ਜਦੋਂ ਛੋਟੀ ਹੁੰਦੀ ਸੀ ਤਾਂ ਉਹ ਇਹਨਾਂ ਗੁੱਡੀਆਂ ਨਾਲ ਖੇਡਦੀ ਹੁੰਦੀ ਸੀ। ਪੰਮੀ ਨੂੰ ਬੜੀ ਹੈਰਾਨੀ ਹੋਈ ਕਿ ਉਸਦੀ ਮਾਂ ਵੀ ਕਦੇ ਐਨੀ ਛੋਟੀ ਹੁੰਦੀ ਸੀ। ਪੰਮੀ ਨੂੰ ਸਮਝ ਲੱਗੀ ਕਿ ਉਸਦੀ ਮਾਂ ਪਹਿਲਾਂ ਇਸ ਪਰਿਵਾਰ ਦੀ ਮੈਂਬਰ ਸੀ ਜਦ ਕਿ ਵਿਆਹ ਪਿੱਛੋਂ ਉਹ ਪੰਮੀ ਦੇ ਦਾਦਕੇ ਪਰਿਵਾਰ ਦੀ ਮੈਂਬਰ ਬਣ ਗਈ।

### ਕਿਰਿਆ : 3

ਆਪਣੇ ਪਰਿਵਾਰ ਦੇ ਕਿਸੇ ਬਜ਼ੁਰਗ ਮੈਂਬਰ ਨੂੰ ਪੁੱਛੋ ਕਿ ਕੀ ਉਹ ਆਪਣੇ ਬਚਪਨ ਵਿੱਚ ਵੀ ਇਸੇ ਪਰਿਵਾਰ ਦਾ ਮੈਂਬਰ ਹੁੰਦਾ/ਹੁੰਦੀ ਸੀ?

## ਰਾਣੀ ਦਾ ਪਰਿਵਾਰ

ਰਾਣੀ ਦਾ ਪਿਤਾ ਮਜ਼ਦੂਰੀ ਕਰਦਾ ਹੈ। ਉਸ ਦੀਆਂ ਤਿੰਨ ਭੈਣਾਂ ਅਤੇ ਦੋ ਭਰਾ ਹਨ। ਜਦ ਰਾਣੀ ਦੀ ਮਾਤਾ ਘਰ ਦਾ ਕੰਮ ਕਰਦੀ ਹੈ ਤਾਂ ਰਾਣੀ ਆਪਣੇ ਛੋਟੇ ਭਰਾਵਾਂ ਨੂੰ ਖਿਡਾਉਂਦੀ ਹੈ। ਇਸ ਕਰਕੇ ਉਹ ਸਕੂਲ ਨਹੀਂ ਜਾ ਸਕਦੀ। ਉਸ ਦਾ ਵੀ ਸਕੂਲ ਜਾਣ ਨੂੰ ਦਿਲ ਕਰਦਾ ਹੈ ਪਰ ਉਸਦਾ ਪਿਤਾ ਕਹਿੰਦਾ ਹੈ ਕਿ ਉਹ ਐਨੇ ਬੱਚਿਆਂ ਨੂੰ ਨਹੀਂ ਪੜ੍ਹਾ ਸਕਦਾ।

? 1. ਕੀ ਰਾਣੀ ਸਕੂਲ ਜਾਇਆ ਕਰੇ ਜਾਂ ਘਰੇ ਹੀ ਆਪਣੇ ਭਰਾਵਾਂ ਨੂੰ ਖਿਡਾਇਆ ਕਰੇ?

? 2. ਕੀ ਤੁਸੀਂ ਵੀ ਘਰ ਦੇ ਕੰਮਾਂ ਵਿੱਚ ਮੱਦਦ ਕਰਦੇ ਹੋ?

**ਅਧਿਆਪਕ ਲਈ :** ਅਧਿਆਪਕ ਇਥੇ ਬੱਚਿਆਂ ਨੂੰ "ਸਿੱਖਿਆ ਦੇ ਅਧਿਕਾਰ" ਬਾਰੇ ਸੰਵੇਦਨਸ਼ੀਲ ਕਰੇ।

## ਜਦੋਂ ਦੀਪੂ ਦੇ ਸੱਟ ਲੱਗੀ

ਬੱਚਿਓ, ਤੁਸੀਂ ਸਕੂਲ ਤੋਂ ਬਾਅਦ ਘਰ ਜਾਂਦੇ ਹੋ। ਦੀਪੂ ਵੀ ਕੱਲ੍ਹ ਸਕੂਲ ਤੋਂ ਬਾਅਦ ਜਦ ਘਰ ਗਿਆ ਤਾਂ ਉਸਦੀ ਮਾਤਾ ਨੇ ਉਸਨੂੰ ਖਾਣ ਲਈ ਰੋਟੀ ਦਿੱਤੀ। ਦੀਪੂ ਰੋਟੀ ਖਾ ਕੇ ਖੇਡਣ ਚਲਾ ਗਿਆ। ਖੇਡਦੇ ਹੋਏ ਦੀਪੂ ਡਿੱਗ ਪਿਆ ਅਤੇ ਉਸਦੇ ਗੋਡਿਆਂ 'ਤੇ ਰਗੜਾਂ ਲੱਗ ਗਈਆਂ। ਦੀਪੂ ਰੋਣ ਲੱਗਾ ਤਾਂ ਦੂਸਰੇ ਬੱਚੇ ਦੌੜ ਗਏ। ਉਸਦਾ ਭਰਾ ਉਸਨੂੰ ਚੁੱਕ ਕੇ ਘਰ ਲੈ ਆਇਆ। ਉਸਦੀ ਮਾਤਾ ਨੇ ਸੱਟ ਵਾਲੀ ਥਾਂ ਉਤੇ ਮਲ੍ਹਮ ਲਗਾਈ। ਦੀਪੂ ਦੀ ਪੀੜ ਘੱਟ ਗਈ। ਉਸਦੇ ਪਿਤਾ ਨੇ ਕਿਹਾ ਕਿ ਉਹ ਆਪਣੇ ਤੋਂ ਵੱਡੇ ਬੱਚਿਆਂ ਨਾਲ ਨਾ ਖੇਡਿਆ ਕਰੇ।

## ਜਦੋਂ ਸ਼ਰਨ ਚੰਗਾ ਮੁੰਡਾ ਬਣਦਾ ਹੈ


ਸ਼ਰਨ ਦੀ ਮਾਤਾ ਘਰ ਨੂੰ ਬਹੁਤ ਸਾਫ਼ ਰੱਖਦੀ ਹੈ। ਉਸਦੀ ਵੱਡੀ ਭੈਣ ਵੀ ਹਰ ਚੀਜ਼ ਨੂੰ ਵਰਤਣ ਤੋਂ ਬਾਅਦ ਉਸਨੂੰ ਆਪਣੇ ਟਿਕਾਣੇ ਤੇ ਰੱਖ ਦਿੰਦੀ ਹੈ। ਪਰ ਸ਼ਰਨ ਘਰ ਵਿੱਚ ਬਹੁਤ ਖਿਲਾਰਾ ਪਾ ਦਿੰਦਾ। ਉਹ ਸਕੂਲੋਂ ਆ ਕੇ ਆਪਣੇ ਕੱਪੜੇ ਮੰਜੇ ਉਤੇ ਸੁੱਟ ਦਿੰਦਾ ਅਤੇ ਬੂਟ ਵਿਹੜੇ ਵਿਚ ਲਾਹ ਦਿੰਦਾ। ਘਰ ਲਈ ਦਿੱਤੇ ਕੰਮ ਨੂੰ ਕਰਨ ਸਮੇਂ ਆਪਣੀਆਂ ਕਾਪੀਆਂ ਏਧਰ-ਓਧਰ ਰੱਖ ਦਿੰਦਾ। ਸਕੂਲ ਜਾਣ ਸਮੇਂ ਉਸਦੀਆਂ ਚੀਜ਼ਾਂ ਨਾ ਲੱਭਦੀਆਂ ਅਤੇ ਉਸ ਨੂੰ ਝਿੜਕਾਂ ਪੈਂਦੀਆਂ ਜਦ ਕਿ ਉਸ ਦੀ ਭੈਣ ਦੀ ਸਭ ਪ੍ਰਸ਼ੰਸਾ ਕਰਦੇ। ਸ਼ਰਨ ਇਸ ਨਾਲ ਬਹੁਤ ਖਿੱਝਦਾ ਅਤੇ ਉਦਾਸ ਹੋ ਜਾਂਦਾ। ਉਸ ਦੀ ਮਾਤਾ ਜੀ ਨੇ ਉਸ ਨੂੰ ਸਮਝਾਇਆ ਕਿ ਉਹ ਵੀ ਆਪਣੀਆਂ ਚੀਜ਼ਾਂ ਟਿਕਾਣੇ ਉਤੇ ਰੱਖਿਆ ਕਰੇ। ਹੁਣ ਸ਼ਰਨ ਨੇ ਵੀ ਆਪਣੀਆਂ ਚੀਜ਼ਾਂ ਨੂੰ ਟਿਕਾਣੇ ਰੱਖਣ ਦਾ ਵਾਅਦਾ ਕੀਤਾ।

ਉਹ ਹੋਰ ਵੀ ਚੰਗੀਆਂ ਗੱਲਾਂ ਸਿੱਖ ਰਿਹਾ ਹੈ। ਸ਼ਰਨ ਨੇ ਦੇਖਿਆ ਕਿ ਜਦ ਉਸਦੇ ਪਿਤਾ ਬਾਹਰੋਂ ਆਉਂਦੇ ਹਨ ਤਾਂ ਉਹ ਉਸ ਦੇ ਦਾਦੀ ਜੀ ਦੇ ਪੈਰੀਂ ਹੱਥ ਲਗਾਉਂਦੇ ਹਨ। ਸ਼ਰਨ ਵੀ ਆਪਣੇ ਮਾਤਾ ਪਿਤਾ ਅਤੇ ਦਾਦੀ ਜੀ ਦੇ ਪੈਰੀਂ ਹੱਥ ਲਗਾ ਕੇ ਪ੍ਰਣਾਮ ਕਰਨ ਲਗ ਪਿਆ। ਜਿਸ ਕਰਕੇ ਸਾਰੇ ਉਸ ਨੂੰ ਬਹੁਤ ਪਿਆਰ ਕਰਦੇ ਹਨ।

ਸ਼ਰਨ ਦੀ ਭੈਣ ਬਹੁਤ ਸੋਹਣਾ ਗਾਉਂਦੀ ਹੈ। ਉਸਦੀ ਮਾਤਾ ਉਸ ਨੂੰ ਹਾਰਮੋਨੀਅਮ ਵਜਾਉਣਾ ਸਿਖਾਉਂਦੀ ਹੈ। ਸਕੂਲ ਦੇ ਸਲਾਨਾ ਪ੍ਰੋਗਰਾਮ ਵਿਚ ਜਦ ਉਸ ਨੇ ਦੇਸ਼ ਭਗਤੀ ਦਾ ਗੀਤ ਸੁਣਾਇਆ ਤਾਂ ਬਹੁਤ ਤਾੜੀਆਂ ਵੱਜੀਆਂ। ਉਸ ਨੂੰ ਪ੍ਰਿੰਸੀਪਲ ਸਾਹਿਬ ਪਾਸੋਂ ਇਨਾਮ ਵੀ ਮਿਲਿਆ।

? - ਬੱਚਿਓ ਤੁਹਾਨੂੰ ਪਰਿਵਾਰ ਵਿਚੋਂ ਕੀ ਕੀ ਮਿਲਦਾ ਹੈ?

(ਬੱਚੇ ਬਹੁਤ ਸਾਰੀਆਂ ਚੀਜ਼ਾਂ ਦੱਸ ਸਕਦੇ ਹਨ ਜਿਵੇਂ ਰੋਟੀ, ਕੱਪੜੇ, ਕਿਤਾਬਾਂ ਆਦਿ। ਅਧਿਆਪਕ ਉਨ੍ਹਾਂ ਦਾ ਧਿਆਨ ਗੈਰ-ਪਦਾਰਥਕ ਚੀਜ਼ਾਂ ਜਿਵੇਂ ਘਰ ਵਿਚੋਂ ਮਿਲਣ ਵਾਲੇ ਮੋਹ, ਪਿਆਰ, ਸਿੱਖਿਆ, ਕਦਰਾਂ-ਕੀਮਤਾਂ, ਚੰਗੀਆਂ ਆਦਤਾਂ ਆਦਿ ਵੱਲ ਦਿਵਾ ਸਕਦਾ ਹੈ।)



**ਅਧਿਆਪਕ ਲਈ :** ਹੁਣ ਅਧਿਆਪਕ ਵਿਦਿਆਰਥੀਆਂ ਨੂੰ ਪਰਿਵਾਰ ਦੇ ਮੈਂਬਰਾਂ ਵਿਚ ਪਾਏ ਜਾਣ ਵਾਲੇ ਸਰੀਰਕ ਲੱਛਣਾਂ ਦੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਬਾਰੇ ਗੱਲਬਾਤ ਰਾਹੀਂ ਸਮਝਾਵੇਗਾ।

## ਤੁਹਾਡੇ ਪਰਿਵਾਰ ਵਿੱਚ ਕੌਣ ਕਿਸ ਨਾਲ ਮਿਲਦਾ ਜੁਲਦਾ ਹੈ ?

? 1. ਤੁਹਾਡਾ ਰੰਗ ਆਪਣੇ ਪਰਿਵਾਰ ਵਿਚੋਂ ਕਿਸ ਨਾਲ ਮਿਲਦਾ ਹੈ?

? 2. ਕਿਸਦਾ ਚਿਹਰਾ ਆਪਣੀ ਮਾਤਾ ਨਾਲ ਮਿਲਦਾ ਹੈ?

? 3. ਕਿਸਦਾ ਚਿਹਰਾ ਆਪਣੇ ਪਿਤਾ ਨਾਲ ਮਿਲਦਾ ਹੈ?


? 4. ਤੁਹਾਡੇ ਭਰਾ ਨਾਲ ਤੁਹਾਡਾ ਕੀ ਕੁੱਝ ਮੇਲ ਖਾਂਦਾ ਹੈ?

? 5. ਤੁਹਾਡੀ ਭੈਣ ਨਾਲ ਤੁਹਾਡਾ ਕੀ ਕੁੱਝ ਮੇਲ ਖਾਂਦਾ ਹੈ?

## ਕਿਰਿਆ : 4

ਅਧਿਆਪਕ ਆਪਣੇ ਦਾਦਾ-ਦਾਦੀ ਤੋਂ ਸ਼ੁਰੂ ਕਰਕੇ ਆਪਣਾ ਪੁਸ਼ਤੈਨੀ ਢਾਂਚਾ ਬਲੈਕ ਬੋਰਡ 'ਤੇ ਬਣਾਵੇ।

### ਪੁਸ਼ਤੈਨੀ ਢਾਂਚਾ




ਬੱਚੇ ਇਸਨੂੰ ਦੇਖ ਕੇ ਆਪਣਾ ਪੁਸ਼ਤੈਨੀ ਢਾਂਚਾ ਬਣਾਉਣ ਦੀ ਕੋਸ਼ਿਸ਼ ਕਰਨ। ਇਸ ਵਿੱਚ ਉਹ ਆਪਣੇ ਪਰਿਵਾਰ ਦੀ ਮੱਦਦ ਲੈ ਸਕਦੇ ਹਨ।

? 1. ਤੁਹਾਡੀਆਂ ਕਿੰਨੀਆਂ ਭੈਣਾਂ ਹਨ?

? 2. ਤੁਹਾਡੇ ਪਿਤਾ ਜੀ ਦੀਆਂ ਕਿੰਨੀਆਂ ਭੈਣਾਂ ਹਨ?

? 3. ਤੁਹਾਡੇ ਮਾਤਾ ਜੀ ਦੀਆਂ ਕਿੰਨੀਆਂ ਭੈਣਾਂ ਹਨ?



**ਅਧਿਆਪਕ ਲਈ :** ਜੇ ਪਰਿਵਾਰ ਵਿੱਚ ਹੁਣ ਲੜਕੀਆਂ ਦੀ ਗਿਣਤੀ ਘੱਟ ਹੈ ਤਾਂ ਅਧਿਆਪਕ ਇਸ ਤੱਥ ਵੱਲ ਧਿਆਨ ਦਿਵਾ ਸਕਦਾ ਹੈ ਕਿ ਸਮਾਜ ਵਿੱਚ ਲੜਕੀਆਂ ਦੀ ਗਿਣਤੀ ਘੱਟ ਰਹੀ ਹੈ।

ਪਾਠ-2

# ਦਾਦਾ ਜੀ ਜਦੋਂ ਜਵਾਨ ਸਨ......



ਚਿੱਤਰ 2.1 ਦਾਦਾ ਜੀ ਦੀ ਪੁਰਾਣੀ ਤਸਵੀਰ

ਰਾਜੂ ਦੇ ਘਰ ਇੱਕ ਪੁਰਾਣੀ ਤਸਵੀਰ ਲੱਗੀ ਹੋਈ ਸੀ। ਇੱਕ ਦਿਨ ਰਾਜੂ ਨੇ ਆਪਣੇ ਪਿਤਾ ਜੀ ਨੂੰ ਪੁੱਛਿਆ, "ਇਹ ਕਿਸਦੀ ਤਸਵੀਰ ਹੈ?"

ਪਿਤਾ ਜੀ – ਇਹ ਮੇਰੇ ਪਿਤਾ ਜੀ ਦੀ ਤਸਵੀਰ ਹੈ।

ਰਾਜੂ (ਹੈਰਾਨ ਹੋ ਕੇ) – ਤੁਹਾਡੇ ਪਿਤਾ ਜੀ, ਯਾਨੀ ਮੇਰੇ ਦਾਦਾ ਜੀ!

ਪਿਤਾ – ਹਾਂ, ਬੇਟੇ।

ਰਾਜੂ – ਪਰ ਦਾਦਾ ਜੀ ਤਾਂ ਬਹੁਤ ਕਮਜ਼ੋਰ ਹਨ, ਉਹ ਤਾਂ ਤੁਰਦੇ ਵੀ ਸੋਟੀ ਨਾਲ ਹਨ। ਇਹ ਤਾਂ ਬਹੁਤ ਤਕੜਾ ਆਦਮੀ ਜਾਪਦਾ ਹੈ।



ਚਿੱਤਰ 2.2 ਦਾਦਾ ਜੀ ਅਤੇ ਰਾਜੂ

ਪਿਤਾ – ਬੇਟੇ ਉਹ ਆਪਣੀ ਜਵਾਨੀ ਸਮੇਂ ਬਹੁਤ ਤਕੜੇ ਸਨ। ਹੁਣ ਉਹ ਬੁੱਢੇ ਹੋ ਗਏ ਹਨ।

ਰਾਜੂ – ਤੁਸੀਂ ਵੀ ਬੁੱਢੇ ਹੋ ਜਾਵੋਗੇ?

ਪਿਤਾ – ਹਾਂ ਬੇਟੇ, ਮੈਂ ਹੀ ਨਹੀਂ, ਤੇਰੀ ਮਾਤਾ ਵੀ ਸਮੇਂ ਨਾਲ ਬੁੱਢੀ ਹੋ ਜਾਵੇਗੀ, ਪਰ ਤਦ ਤੱਕ ਤੂੰ ਜਵਾਨ ਹੋ ਜਾਵੇਂਗਾ।

ਰਾਜੂ ਦਾ ਆਪਣੇ ਦਾਦਾ ਜੀ ਨਾਲ ਬਹੁਤ ਪਿਆਰ ਹੈ। ਘਰ ਵਿੱਚ ਅਖਬਾਰ ਆਉਂਦਾ ਹੈ। ਪਰੰਤੂ ਦਾਦਾ ਜੀ ਦੀ ਨਿਗ੍ਹਾ ਕਮਜ਼ੋਰ ਹੋਣ ਕਰਕੇ ਉਹ ਅਖ਼ਬਾਰ ਨਹੀਂ ਪੜ੍ਹ ਸਕਦੇ, ਇਸ ਲਈ ਰਾਜੂ ਉਹਨਾਂ ਨੂੰ

ਅਖ਼ਬਾਰ ਪੜ੍ਹ ਕੇ ਸੁਣਾਉਂਦਾ ਹੈ। ਜਦੋਂ ਦਾਦਾ ਜੀ ਨੂੰ ਪਿਆਸ ਲਗਦੀ ਹੈ ਤਾਂ ਰਾਜੂ ਦੌੜ ਕੇ ਉਨ੍ਹਾਂ ਲਈ ਪਾਣੀ ਲੈ ਕੇ ਆਉਂਦਾ ਹੈ। ਦਾਦਾ ਜੀ ਵੀ ਰਾਜੂ ਨੂੰ ਬਹੁਤ ਪਿਆਰ ਕਰਦੇ ਹਨ।

ਰਾਜੂ ਨੇ ਆਪਣੇ ਦਾਦਾ ਜੀ ਨੂੰ ਕਿਹਾ ਕਿ ਉਸਨੂੰ ਬਹੁਤ ਦੁੱਖ ਹੈ ਕਿ ਉਹ ਹੁਣ ਐਨੇ ਕਮਜ਼ੋਰ ਹੋ ਗਏ ਹਨ ਅਤੇ ਉਨ੍ਹਾਂ ਨੂੰ ਦਿਸਣ ਵੀ ਘੱਟ ਲੱਗ ਪਿਆ ਹੈ। ਦਾਦਾ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦਾ ਫਿਕਰ ਨਹੀਂ ਕਿਉਂਕਿ ਰਾਜੂ ਅਤੇ ਉਸਦੇ ਮਾਤਾ-ਪਿਤਾ ਉਨ੍ਹਾਂ ਦੀ ਬਹੁਤ ਵਧੀਆ ਦੇਖਭਾਲ ਕਰਦੇ ਹਨ।

? 1. ਤੁਹਾਡੇ ਵਿਚੋਂ ਕਿਹੜੇ ਬੱਚਿਆਂ ਦੇ ਪਰਿਵਾਰ ਵਿੱਚ ਦਾਦਾ ਦਾਦੀ ਹਨ?

? 2. ਤੁਸੀਂ ਆਪਣੇ ਦਾਦਾ-ਦਾਦੀ ਲਈ ਕੀ ਕੰਮ ਕਰਦੇ ਹੋ?

? 3. ਦਾਦਾ-ਦਾਦੀ ਤੁਹਾਡੇ ਲਈ ਕੀ ਕਰਦੇ ਹਨ?

## ਰਾਜੂ ਜਗਜੀਤ ਦਾ ਦੋਸਤ ਬਣਿਆ

ਗਰਮੀ ਦੀਆਂ ਛੁੱਟੀਆਂ ਵਿਚ ਰਾਜੂ ਦੇ ਤਾਇਆ ਜੀ ਦਾ ਪਰਿਵਾਰ ਉਨ੍ਹਾਂ ਕੋਲ ਆਇਆ। ਰਾਜੂ ਦੇ ਤਾਏ ਦੇ ਲੜਕੇ ਜਗਜੀਤ ਨੂੰ ਸੁਣਾਈ ਨਹੀਂ ਦਿੰਦਾ ਹੈ। ਬਚਪਨ ਵਿਚ ਉਹ ਬਹੁਤ ਬਿਮਾਰ ਹੋ ਗਿਆ ਸੀ ਜਿਸ ਕਾਰਨ ਉਸਨੂੰ ਸੁਣਨਾ ਬੰਦ ਹੋ ਗਿਆ ਸੀ। ਉਨ੍ਹਾਂ ਦਾ ਸਾਰਾ ਪਰਿਵਾਰ ਜਗਜੀਤ ਨਾਲ ਇਸ਼ਾਰਿਆਂ ਨਾਲ ਗੱਲ ਕਰਦਾ ਹੈ। ਰਾਜੂ ਵੀ ਉਸ ਨੂੰ ਇਸ਼ਾਰਿਆਂ ਨਾਲ ਆਪਣੀ ਗੱਲ ਕਹਿਣੀ ਸਿੱਖ ਗਿਆ, ਜਿਸ ਸਦਕਾ ਰਾਜੂ ਦੀ ਜਗਜੀਤ ਨਾਲ ਬਹੁਤ ਦੋਸਤੀ ਪੈ ਗਈ। ਰਾਜੂ ਨੂੰ ਪਤਾ ਚੱਲਿਆ ਕਿ ਜਗਜੀਤ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹੈ। ਉਹ ਬੜਾ ਹੈਰਾਨ ਹੋਇਆ। ਉਸਨੇ ਆਪਣੇ ਤਾਇਆ ਜੀ ਨੂੰ ਪੁੱਛਿਆ ਕਿ ਜਗਜੀਤ ਨੂੰ ਸੁਣਦਾ ਨਹੀਂ ਫਿਰ ਉਹ ਆਪਣੇ ਅਧਿਆਪਕ ਦੀਆਂ ਗੱਲਾਂ ਕਿਸ ਤਰ੍ਹਾਂ ਸਮਝਦਾ ਹੈ? ਤਾਇਆ ਜੀ ਨੇ ਦੱਸਿਆ ਕਿ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਬੱਚਿਆਂ ਲਈ ਵਿਸ਼ੇਸ਼ ਸਕੂਲ ਹੁੰਦੇ ਹਨ। ਜਿੱਥੇ ਇਸ਼ਾਰਿਆਂ ਦੀ ਭਾਸ਼ਾ ਨਾਲ ਪੜ੍ਹਾਇਆ ਜਾਂਦਾ ਹੈ।

ਕਿਰਿਆ : 1

ਅਸੀਂ ਆਪਣੇ ਸੁਨੇਹੇ ਹੋਰਨਾਂ ਤੱਕ ਬੋਲੇ ਬਗੈਰ ਇਸ਼ਾਰਿਆਂ ਰਾਹੀਂ ਪਹੁੰਚਾ ਸਕਦੇ ਹਾਂ। ਹੇਠ ਦਿੱਤੇ ਚਿੱਤਰਾਂ ਵਿੱਚ ਕੁੱਝ ਕਿਹਾ ਜਾ ਰਿਹਾ ਹੈ। ਪਹਿਚਾਣੋ ਅਤੇ ਲਿਖੋ :



..............................



..............................



..............................

ਚਿੱਤਰ 2.3 ਸੰਕੇਤ

ਕਿਰਿਆ : 2

ਬੱਚਿਓ, ਜੇਕਰ ਤੁਸੀਂ ਹੇਠ ਲਿਖੇ ਕੰਮ ਕਹਿਣੇ ਹੋਣ ਤਾਂ ਬਿਨਾਂ ਬੋਲੇ ਕਿਵੇਂ ਕਹੋਗੇ?

1. ਮੈਂ ਪਾਣੀ ਪੀਣਾ ਚਾਹੁੰਦਾ ਹਾਂ।
2. ਮੈਂ ਕੁਝ ਖਾਣਾ ਚਾਹੁੰਦਾ ਹਾਂ।
3. ਦੂਰ ਚਲੇ ਜਾਓ।
4. ਖੜ੍ਹੇ ਹੋ ਜਾਓ।
5. ਇੱਧਰ ਆਓ।

## ਕੁਝ ਲੋਕ ਨਜ਼ਰ ਬਿਨਾਂ ਵੀ ਪੜ੍ਹ ਲੈਂਦੇ ਹਨ।

ਛੁੱਟੀਆਂ ਵਿੱਚ ਇੱਕ ਦਿਨ ਸੋਨੂੰ ਅਤੇ ਉਸਦੇ ਦੋਸਤ ਬੜਾ ਰੌਲਾ ਪਾ ਰਹੇ ਸਨ। ਉਸਦੇ ਚਾਚੇ ਨੇ ਆ ਕੇ ਪੁੱਛਿਆ ਕਿ ਤੁਸੀਂ ਕਿਸ ਗੱਲ 'ਤੇ ਇਨਾ ਸ਼ੋਰ ਕਰ ਰਹੇ ਹੋ?

ਸੋਨੂੰ — ਚਾਚਾ ਜੀ, ਅੱਜ ਮਨੋਜ ਬੜੇ ਗੱਪ ਮਾਰੀ ਜਾਂਦਾ ਹੈ।

ਚਾਚਾ — ਕੀ ਗੱਪ ਮਾਰ ਰਿਹਾ ਹੈ?

ਸੋਨੂੰ — ਇਹ ਕਹਿੰਦਾ ਹੈ ਕਿ ਇੱਕ ਮੁੰਡੇ ਨੂੰ ਅੱਖਾਂ ਤੋਂ ਬਿਲਕੁਲ ਨਹੀਂ ਦਿਸਦਾ। ਉਹ ਫਿਰ ਵੀ ਕਿਤਾਬਾਂ ਪੜ੍ਹ ਲੈਂਦਾ ਹੈ। ਇਉਂ ਕਿਵੇਂ ਹੋ ਸਕਦਾ ਹੈ?

ਹਰਪਾਲ — ਚਾਚਾ ਜੀ, ਅਸੀਂ ਇਸਨੂੰ ਕਿਹਾ ਹੈ ਕਿ ਅਸੀਂ ਇਸ ਦੀਆਂ ਅੱਖਾਂ ਉਤੇ ਪੱਟੀ ਬੰਨ੍ਹ ਦਿੰਦੇ ਹਾਂ, ਫਿਰ ਇਹ ਪੜ੍ਹ ਕੇ ਵਿਖਾਵੇ।

ਚਾਚਾ — ਹਾਂ ਬਈ ਮਨੋਜ, ਕੌਣ ਪੜ੍ਹਦਾ ਹੈ? ਤੈਨੂੰ ਕਿਸ ਨੇ ਦੱਸਿਆ ਹੈ?

ਮਨੋਜ — ਜੀ ਮੈਂ ਛੁੱਟੀਆਂ ਵਿੱਚ ਆਪਣੀ ਭੂਆ ਕੋਲ ਗਿਆ ਸੀ। ਉਨ੍ਹਾਂ ਦੇ ਗੁਆਂਢ ਵਿੱਚ ਇੱਕ ਲੜਕਾ ਸੀ। ਉਸਨੂੰ ਦਿਸਦਾ ਨਹੀਂ ਸੀ ਪਰ ਉਹ ਕਿਤਾਬ ਪੜ੍ਹ ਲੈਂਦਾ ਸੀ।

ਚਾਚਾ — ਉਸਦੀਆਂ ਕਿਤਾਬਾਂ ਕੀ ਤੁਹਾਡੀਆਂ ਕਿਤਾਬਾਂ ਵਰਗੀਆਂ ਸਨ?

ਮਨੋਜ — ਨਹੀਂ ਜੀ, ਉਸ ਦੀਆਂ ਕਿਤਾਬਾਂ ਬਹੁਤ ਮੋਟੀਆਂ ਸਨ। ਉਹਨਾਂ ਦੇ ਪੰਨਿਆਂ ਉਤੇ ਬਿੰਦੀਆਂ ਜਿਹੀਆਂ ਉਭਰੀਆਂ ਹੋਈਆਂ ਸਨ।

ਚਾਚਾ — ਹਾਂ ਬੱਚਿਓ, ਮਨੋਜ ਠੀਕ ਕਹਿ ਰਿਹਾ ਹੈ। ਜੋ ਵਿਅਕਤੀ ਵੇਖ ਨਹੀਂ ਸਕਦੇ ਉਹ ਵੀ ਪੜ੍ਹ ਸਕਦੇ ਹਨ ਪਰ ਉਨ੍ਹਾਂ ਦੇ ਪੜ੍ਹਨ ਲਈ ਵਿਸ਼ੇਸ਼ ਪੁਸਤਕਾਂ ਹੁੰਦੀਆਂ ਹਨ।

ਬੱਚੇ — ਇਹਨਾਂ ਪੁਸਤਕਾਂ ਦੇ ਅੱਖਰ ਉਨ੍ਹਾਂ ਨੂੰ ਕਿਵੇਂ ਦਿਖ ਜਾਂਦੇ ਹਨ?


ਚਾਚਾ — ਇਹਨਾਂ ਦੇ ਅੱਖਰ ਉਨ੍ਹਾਂ ਨੂੰ ਦਿਸਦੇ ਨਹੀਂ ਬਲਕਿ ਉਹ ਉਂਗਲਾਂ ਦੇ ਪੋਟਿਆਂ ਨਾਲ ਛੂਹ ਕੇ ਮਹਿਸੂਸ ਕਰਦੇ ਹਨ।

## ਕਿਰਿਆ : 3

ਇੱਕ ਬੱਚੇ ਦੀਆਂ ਅੱਖਾਂ ਉਤੇ ਪੱਟੀ ਬੰਨ੍ਹ ਦਿਓ। ਵੱਖ-ਵੱਖ ਬੱਚੇ ਉਸ ਕੋਲ ਜਾਣ ਅਤੇ ਉਹ ਛੂਹ ਕੇ ਉਨ੍ਹਾਂ ਨੂੰ ਪਛਾਣਨ ਦੀ ਕੋਸ਼ਿਸ਼ ਕਰੇ। ਉਹ ਬਹੁਤ ਸਾਰੇ ਬੱਚਿਆਂ ਨੂੰ ਪਛਾਣ ਲਵੇਗਾ। ਕੁਝ ਬੱਚਿਆਂ ਦਾ ਹਾਸਾ ਨਿਕਲ ਜਾਵੇਗਾ ਜਾਂ ਉਹ ਕੁਝ ਬੋਲ ਪੈਣਗੇ, ਉਹ ਜਲਦੀ ਪਛਾਣੇ ਜਾਣਗੇ। ਇਸ ਤੋਂ ਇਹ ਤੱਥ ਸਾਹਮਣੇ ਆਵੇਗਾ ਕਿ ਜਿਸ ਵਸਤੂ ਨੂੰ ਅਸੀਂ ਦੇਖ ਨਹੀਂ ਸਕਦੇ ਉਸ ਨੂੰ ਅਸੀਂ ਛੋਹ ਕੇ ਜਾਂ ਉਸਦੀ ਆਵਾਜ਼ ਤੋਂ ਪਛਾਣਦੇ ਹਾਂ।



ਅਧਿਆਪਕ ਲਈ : ਬੱਚਿਓ ! ਲੂਈ ਬਰੇਲ ਨਾਂ ਦਾ ਇੱਕ ਲੜਕਾ ਸੀ। ਉਸ ਦੀ ਅੱਖ ਵਿੱਚ ਕੋਈ ਤਿੱਖੀ ਚੀਜ਼ ਵੱਜ ਗਈ ਜਿਸ ਨਾਲ ਉਸਦੀ ਦੋਨ੍ਹਾਂ ਅੱਖਾਂ ਦੀ ਨਿਗ੍ਹਾ ਖਤਮ ਹੋ ਗਈ। ਪਰ ਉਸਨੂੰ ਪੜ੍ਹਨ ਦਾ ਬੜਾ ਸ਼ੌਕ ਸੀ। ਉਸਨੇ ਸੋਚਿਆ ਕਿ ਜਦ ਉਹ ਹੋਰ ਵਸਤਾਂ ਛੋਹ ਕੇ ਪਛਾਣ ਸਕਦਾ ਹੈ ਤਾਂ ਅੱਖਰਾਂ ਨੂੰ ਕਿਉਂ ਨਹੀਂ ? ਸੋ ਉਸਨੇ ਮੋਟੇ ਕਾਗਜ਼ ਉਤੇ ਸੂਆ ਖੁਭੋ-ਖੁਭੋ ਕੇ ਹਰ ਅੱਖਰ ਲਈ ਵੱਖ-ਵੱਖ ਬਿੰਦੀਆਂ ਬਣਾਈਆਂ। ਅੱਖਰਾਂ ਦੀ ਪਛਾਣ ਸੌਖਿਆਂ ਕਰਨ ਲਈ ਉਸਨੇ ਹਰ ਅੱਖਰ ਲਈ ਕੁੱਝ ਬਿੰਦੀਆਂ ਹੀ ਵਰਤੀਆਂ। ਇਨ੍ਹਾਂ ਉਭਰੀਆਂ ਹੋਈਆਂ ਬਿੰਦੀਆਂ ਉਪਰ ਉਂਗਲਾਂ ਦੇ ਪੋਟੇ ਫੇਰ ਕੇ ਉਹਨਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਥੋੜ੍ਹੀ ਜਿਹੀ ਪ੍ਰੈਕਟਿਸ ਨਾਲ ਅੱਖਰਾਂ ਦੀ ਪਛਾਣ ਆਉਣ ਲੱਗ ਜਾਂਦੀ ਹੈ ਅਤੇ ਇਹਨਾਂ ਕਿਤਾਬਾਂ ਨੂੰ ਪੜ੍ਹਿਆ ਜਾ ਸਕਦਾ ਹੈ। ਇਸ ਤਰ੍ਹਾਂ ਛੂਹ ਕੇ ਪੜ੍ਹੀ ਜਾਣ ਵਾਲੀ ਲਿੱਪੀ ਨੂੰ ਬਰੇਲ ਲਿੱਪੀ ਕਿਹਾ ਜਾਂਦਾ ਹੈ।




ਬਰੇਲ ਲਿਪੀ



ਬਰੇਲ ਲਿਪੀ ਪੜ੍ਹਦੇ ਹੋਏ

**ਚਿੱਤਰ 2.4 ਬਰੇਲ ਲਿੱਪੀ**

ਪਾਠ-3

# ਮੇਰੇ ਵੀਰ ਦਾ ਵਿਆਹ

ਮੇਰੇ ਵੀਰ ਦਾ ਵਿਆਹ ਹੈ। ਬਰਾਤ ਚੜ੍ਹਨ ਵਿੱਚ ਤਿੰਨ ਦਿਨ ਬਾਕੀ ਹਨ। ਉਸਾਰੀ ਵਾਲੇ ਮਿਸਤਰੀ ਨੇ ਘਰ ਦੇ ਮੁੱਖ ਦਰਵਾਜ਼ੇ ਨੂੰ ਪਲਸਤਰ ਕਰਕੇ ਬੜ੍ਹਾ ਸੋਹਣਾ ਬਣਾ ਦਿੱਤਾ ਹੈ। ਰੰਗ ਵਾਲੇ ਨੇ ਸਾਰੇ ਘਰ ਨੂੰ ਰੰਗ ਕਰਕੇ ਬਹੁਤ ਖ਼ੂਬਸੂਰਤ ਬਣਾ ਦਿੱਤਾ ਹੈ। ਹਲਵਾਈ ਵੀ ਪਹੁੰਚ ਗਏ ਹਨ। ਪਾਪਾ ਜੀ ਦੱਸਦੇ ਹਨ ਕਿ ਇਹ ਆਪਣੇ ਸ਼ਹਿਰ ਦੇ ਮਸ਼ਹੂਰ ਹਲਵਾਈ ਹਨ। ਇਹ ਬਹੁਤ ਸਵਾਦ ਮਠਿਆਈਆਂ ਤਿਆਰ ਕਰਦੇ ਹਨ। ਮੇਰੇ ਪਾਪਾ ਜੀ ਕਿਸਾਨ ਹਨ। ਉਹ ਆਪਣੇ ਖੇਤ ਵਿੱਚ ਵੱਖ ਵੱਖ ਫਸਲਾਂ ਉਗਾਉਂਦੇ ਹਨ। ਦੋਧੀ ਸਾਡੇ ਘਰ ਦੁੱਧ ਵਾਲੇ ਦੋ ਡਰੰਮ ਰੱਖ ਗਿਆ ਹੈ। ਇਹ ਦੋਧੀ ਸਵੇਰੇ ਸ਼ਾਮ ਸਾਡੇ ਪਿੰਡ ਵਿਚੋਂ ਤਾਜ਼ਾ ਦੁੱਧ ਇਕੱਠਾ ਕਰਦਾ ਹੈ।

ਹੇਠਾਂ ਕੁਝ ਵਿਅਕਤੀਆਂ ਦੇ ਕਿੱਤਿਆਂ ਬਾਰੇ ਦੱਸਿਆ ਗਿਆ ਹੈ। ਕਿੱਤਿਆਂ ਦੇ ਸਾਹਮਣੇ ਦਿੱਤੇ ਗਏ ਖਾਲੀ ਸਥਾਨ ਵਿੱਚ ਲਿਖੋ ਕਿ ਅਜਿਹਾ ਕਿੱਤਾ ਕਰਨ ਵਾਲੇ ਨੂੰ ਕੀ ਕਹਿੰਦੇ ਹਨ?

? 1. ਮਿਠਾਈ ਬਣਾਉਣ ਵਾਲਾ ____________

? 2. ਦੁੱਧ ਵੇਚਣ ਵਾਲਾ ____________

? 3. ਘਰ ਦੀ ਉਸਾਰੀ ਕਰਨ ਵਾਲਾ ____________

? 4. ਖੇਤ ਵਿੱਚ ਫਸਲਾਂ ਉਗਾਉਣ ਵਾਲਾ ____________

ਮੇਰੇ ਮਾਮਾ ਜੀ ਅਤੇ ਉਹਨਾਂ ਦਾ ਪਰਿਵਾਰ ਵੀ ਪਹੁੰਚ ਗਿਆ ਹੈ। ਮੇਰੇ ਮਾਮਾ ਜੀ ਡਾਕਟਰ ਹਨ। ਮੇਰੇ ਮਾਮੀ ਜੀ ਅਧਿਆਪਕਾ ਹਨ। ਉਹ ਆਪਣੇ ਪਿੰਡ ਦੇ ਸਕੂਲ ਵਿੱਚ ਪੜ੍ਹਾਉਂਦੇ ਹਨ। ਮੇਰੇ ਭੂਆ ਅਤੇ ਫੁੱਫੜ ਜੀ ਵੀ ਪਹੁੰਚ ਗਏ ਹਨ। ਮੇਰੇ ਫੁੱਫੜ ਜੀ ਦਰਜ਼ੀ ਹਨ। ਉਹਨਾਂ ਦਾ ਬੇਟਾ ਹਵਾਈ ਜਹਾਜ਼ ਚਲਾਉਂਦਾ ਹੈ। ਹਵਾਈ ਜਹਾਜ਼ ਚਲਾਉਣ ਵਾਲੇ ਨੂੰ ਪਾਇਲਟ ਕਹਿੰਦੇ ਹਨ। ਛੁੱਟੀ ਨਾ ਮਿਲਣ ਕਰਕੇ ਉਹ ਮੇਰੇ ਵੀਰ ਦੇ ਵਿਆਹ ਤੇ ਨਹੀਂ ਆ ਸਕਿਆ।

ਹੇਠਾਂ ਦਿੱਤੀਆਂ ਖਾਲੀ ਥਾਵਾਂ ਭਰੋ (ਉਹਨਾਂ ਦੇ ਕਿੱਤਿਆਂ ਅਨੁਸਾਰ) :—

1. ਮੇਰੇ ਮਾਮਾ ਜੀ .................... ਹਨ।
2. ਮੇਰੇ ਮਾਮੀ ਜੀ .................... ਹਨ।
3. ਮੇਰੇ ਚਾਚਾ ਜੀ .................... ਹਨ।
4. ਮੇਰੇ ਮਾਸੀ ਜੀ .................... ਹਨ।

## ਬਾਰਾਤ ਵਾਲਾ ਦਿਨ

ਪੂਰੇ ਘਰ ਵਿੱਚ ਰੌਲਾ ਪੈ ਰਿਹਾ ਹੈ। ਬਾਰਾਤ ਜਾਣ ਵਾਲੇ ਛੇਤੀ-ਛੇਤੀ ਤਿਆਰ ਹੋ ਰਹੇ ਹਨ। ਮੇਰੇ ਵੀਰ ਦੇ ਦੋਸਤ ਸਭ ਤੋਂ ਪਹਿਲਾਂ ਤਿਆਰ ਹੋ ਗਏ ਹਨ। ਮੇਰੇ ਵੀਰ ਦੇ ਇੱਕ ਦੋਸਤ ਦੀ ਕਰਿਆਨੇ ਦੀ ਦੁਕਾਨ ਹੈ। ਇਸ ਦੁਕਾਨ ਤੋਂ ਅਸੀਂ ਸੌਦਾ ਖਰੀਦਦੇ ਹਾਂ। ਮੇਰੇ ਵੀਰ ਦਾ ਇੱਕ ਦੋਸਤ ਪੁਲਿਸ ਵਾਲਾ ਹੈ। ਮੇਰੀ ਮਾਸੀ ਅਤੇ ਮਾਸੜ ਹੁਣੇ ਹੀ ਪਹੁੰਚੇ ਹਨ। ਮੇਰੀ ਮਾਸੀ ਦੀ ਬੇਟੀ ਵੀ ਨਾਲ ਆਈ ਹੈ। ਉਹ ਹਸਪਤਾਲ ਵਿੱਚ ਨਰਸ ਹੈ। ਉਹ ਉਥੇ ਮਰੀਜ਼ਾਂ ਦੀ ਦੇਖਭਾਲ ਕਰਦੀ ਹੈ।

ਬਰਾਤ ਜਾਣ ਲਈ ਗੱਡੀਆਂ ਵੀ ਆ ਗਈਆਂ। ਪਰ ਮੇਰੇ ਮਾਸੜ ਜੀ ਆਪਣੀ ਜੁੱਤੀ ਨੂੰ ਪਾਲਿਸ਼ ਕਰਾਉਣ ਲਈ ਸਾਡੇ ਪਿੰਡ ਦੇ ਮੋਚੀ ਕੋਲ ਗਏ ਹਨ। ਇਹ ਮੋਚੀ ਸਾਡੇ ਪਿੰਡ ਦੀ ਸੱਥ ਵਿੱਚ ਬੈਠਦਾ ਹੈ। ਜਿੱਥੇ ਕੁੱਝ ਬਜ਼ੁਰਗ ਵਿਅਕਤੀ ਬੈਠ ਕੇ ਗੱਲਾਂ ਬਾਤਾਂ ਕਰਦੇ ਹਨ ਅਤੇ ਕੁੱਝ ਤਾਸ਼ ਖੇਡ ਕੇ ਆਪਣਾ ਵਿਹਲਾ ਸਮਾਂ ਬਿਤਾਉਂਦੇ ਹਨ। ਸਾਰੀ ਬਰਾਤ ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਚਲ ਪਈ ਹੈ। ਮੇਰੇ ਮਾਸੜ ਜੀ ਵੀ ਆ ਗਏ ਹਨ।

ਹੇਠਾਂ ਕੁਝ ਚਿੱਤਰ ਦਿੱਤੇ ਗਏ ਹਨ। ਆਪਣੇ ਅਧਿਆਪਕ ਦੀ ਸਹਾਇਤਾ ਨਾਲ ਇਹਨਾ ਬਾਰੇ ਲਿਖੋ।



ਚਿੱਤਰ 3.1. ਮੋਚੀ

ਮੋਚੀ : ..........................................................................

..........................................................................

..........................................................................

..........................................................................



ਚਿੱਤਰ 3.2 ਕਰਿਆਨੇ ਦੀ ਦੁਕਾਨ

ਦੁਕਾਨ : ..........................................................................

..........................................................................

..........................................................................

..........................................................................



ਚਿੱਤਰ 3.3. ਸੱਥ

ਸੱਥ : ..........................................................................

..........................................................................

..........................................................................

..........................................................................

ਹਸਪਤਾਲ :



..........................................................................................

..........................................................................................

..........................................................................................

..........................................................................................

ਚਿੱਤਰ 3.4 ਹਸਪਤਾਲ

ਗੁਰਦੁਆਰਾ ਸਾਹਿਬ ਵਿੱਚ ਪਾਠ ਕਰਨ ਵਾਲੇ ਗ੍ਰੰਥੀ ਬਾਬਾ ਜੀ ਨੇ ਅਰਦਾਸ ਕੀਤੀ ਅਤੇ ਸਾਰੀ ਬਰਾਤ ਮੱਥਾ ਟੇਕ ਕੇ ਤੁਰ ਪਈ। ਪਰ ਮੇਰੇ ਮਾਤਾ ਜੀ ਬਰਾਤ ਨਾਲ ਨਹੀਂ ਜਾ ਰਹੇ ਹਨ। ਉਹਨਾਂ ਨੇ ਘਰ ਵਿੱਚ ਕੰਮ ਕਾਰ ਸੰਭਾਲਣਾ ਹੈ। ਪਹਿਲਾਂ ਵੀ ਸਾਰਾ ਘਰੇਲੂ ਕੰਮ ਮੇਰੇ ਮਾਤਾ ਜੀ ਹੀ ਸੰਭਾਲਦੇ ਹਨ। ਪਾਪਾ ਜੀ ਨੇ ਸਾਰੀਆਂ ਗੱਡੀਆਂ ਦੇ ਡਰਾਈਵਰਾਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਡਰਾਈਵਰ ਗੱਡੀ ਤੇਜ਼ ਨਹੀਂ ਚਲਾਏਗਾ।

ਬਰਾਤ ਸ਼ਹਿਰ ਦੇ ਚੌਕ ਵਿੱਚ ਪਹੁੰਚ ਗਈ ਹੈ। ਇੱਥੇ ਬਹੁਤ ਜ਼ਿਆਦਾ ਭੀੜ ਹੈ। ਇੱਕ ਵਿਅਕਤੀ ਵਾਰੀ-ਸਿਰ ਗੱਡੀਆਂ ਨੂੰ ਲੰਘਾਉਣ ਲਈ ਇਸ਼ਾਰਾ ਕਰ ਰਿਹਾ ਹੈ। ਉਸ ਦੇ ਗਲ ਵਿੱਚ ਸੀਟੀ ਪਾਈ ਹੋਈ ਹੈ। ਮੇਰੇ ਮਾਸੜ ਜੀ ਨੇ ਦੱਸਿਆ ਕਿ ਇਹ ਵਿਅਕਤੀ ਟਰੈਫਿਕ ਪੁਲਿਸ ਵਾਲਾ ਹੈ। ਗੱਲਾਂ ਕਰਦੇ ਕਰਦੇ ਬਰਾਤ ਪੈਲੇਸ ਵਿੱਚ ਪਹੁੰਚ ਗਈ। ਬਰਾਤ ਨਾਲ ਆਏ ਬੈਂਡ ਵਾਜੇ ਵਾਲਿਆਂ ਨੇ ਬੈਂਡ ਵਜਾਉਣਾ ਸ਼ੁਰੂ ਕਰ ਦਿੱਤਾ। ਬਰਾਤ ਦਾ ਖ਼ੂਬ ਸਵਾਗਤ ਕੀਤਾ ਗਿਆ। ਗੇਟ ਵਿੱਚ ਖੜ੍ਹਾ ਇੱਕ ਵਿਅਕਤੀ ਜਿਸਨੇ ਖਾਕੀ ਰੰਗ ਦੀ ਵਰਦੀ ਪਹਿਨੀ ਹੋਈ ਹੈ। ਮੇਰੇ ਚਾਚਾ ਜੀ ਨੇ ਦੱਸਿਆ ਕਿ ਇਹ ਵਿਅਕਤੀ ਪੈਲੇਸ ਦਾ ਚੌਕੀਦਾਰ ਹੈ। ਪੈਲੇਸ ਵਿੱਚ ਕੁੱਝ ਵਿਅਕਤੀਆਂ ਨੇ ਇੱਕੋ ਜਿਹੇ ਕੱਪੜੇ ਪਹਿਨੇ ਹੋਏ ਹਨ। ਉਹ ਸਭ ਲੋਕਾਂ ਲਈ ਖਾਣ ਪੀਣ ਵਾਲੀਆਂ ਵਸਤੂਆਂ ਲੈ ਕੇ ਆ ਰਹੇ ਹਨ। ਮੇਰੇ ਫੁੱਫੜ ਜੀ ਨੇ ਦੱਸਿਆ ਕਿ ਇਹਨਾਂ ਵਿਅਕਤੀਆਂ ਨੂੰ ਬੈਰ੍ਹੇ ਕਹਿੰਦੇ ਹਨ। ਆਏ ਹੋਏ ਲੋਕਾਂ ਦਾ ਮਨੋਰੰਜਨ ਕਰਨ ਲਈ ਇੱਕ ਵਿਅਕਤੀ ਪੈਲੇਸ ਦੀ ਸਟੇਜ ਉੱਪਰ ਗੀਤ ਗਾ ਰਿਹਾ ਹੈ। ਉਸਨੂੰ ਗਾਇਕ ਕਹਿੰਦੇ ਹਨ।

ਆਪਣੇ ਅਧਿਆਪਕ ਦੀ ਸਹਾਇਤਾ ਨਾਲ ਦੱਸੋ।

? 1. ਚੌਕੀਦਾਰ ਕੀ ਕੰਮ ਕਰਦਾ ਹੈ?

? 2. ਟਰੈਫਿਕ ਪੁਲਿਸ ਵਾਲਾ ਕੀ ਕੰਮ ਕਰਦਾ ਹੈ?

? 3. ਗਾਇਕ ਦਾ ਕੀ ਕੰਮ ਹੈ?

? 4. ਬੈਰ੍ਹੇ ਦਾ ਕੀ ਕੰਮ ਹੈ?

ਕਿਰਿਆ : 1

**ਤੁਹਾਡੇ ਪਰਿਵਾਰ ਵਿੱਚ ਕੌਣ ਕੀ ਕੀ ਕੰਮ ਕਰਦਾ ਹੈ ?**

| ਪਰਿਵਾਰਿਕ ਮੈਂਬਰ | ਕੀ ਕੰਮ ਕਰਦਾ ਹੈ |
|---|---|
| .................................................. | .................................................. |
| .................................................. | .................................................. |
| .................................................. | .................................................. |
| .................................................. | .................................................. |

ਕਿਰਿਆ : 2

ਤੁਸੀਂ ਪੜ੍ਹਨ ਤੋਂ ਇਲਾਵਾ ਘਰ ਦੇ ਕਿਹੜੇ ਕੰਮਾਂ ਵਿੱਚ ਮਦਦ ਕਰਦੇ ਹੋ ?

..........................................................................................................................

..........................................................................................................................

ਮੈਂ ਆਪਣੇ ਚਾਚਾ ਜੀ ਨਾਲ ਉਠ ਕੇ ਪੈਲੇਸ ਦੇ ਗੇਟ ਕੋਲ ਆ ਗਿਆ। ਉਥੇ ਕੁੱਝ ਬੱਚੇ ਗੁਬਾਰੇ ਵੇਚ ਰਹੇ ਹਨ। ਕੁੱਝ ਬੱਚੇ ਮੇਰੇ ਚਾਚਾ ਜੀ ਤੋਂ ਪੈਸੇ ਮੰਗਣ ਲੱਗ ਪਏ। ਚਾਚਾ ਜੀ ਨੇ ਉਹਨਾਂ ਬੱਚਿਆਂ ਨੂੰ ਪੁੱਛਿਆ ਕਿ ਉਹ ਸਕੂਲ ਕਿਉਂ ਨਹੀਂ ਜਾਂਦੇ ਹਨ ? ਇੱਕ ਬੱਚੇ ਨੇ ਦੱਸਿਆ ਕਿ ਉਸਦਾ ਸਕੂਲ ਜਾਣ ਨੂੰ ਬਹੁਤ ਦਿਲ ਕਰਦਾ ਹੈ, ਪ੍ਰੰਤੂ ਉਸਦੇ ਪਿਤਾ ਜੀ ਬਿਮਾਰ ਰਹਿੰਦੇ ਹਨ। ਘਰ ਦਾ ਗੁਜ਼ਾਰਾ ਚਲਾਉਣ ਲਈ ਉਸਨੂੰ ਵੀ ਕੰਮ ਕਰਨਾ ਪੈਂਦਾ ਹੈ। ਇੱਕ ਹੋਰ ਲੜਕੀ ਨੇ ਦੱਸਿਆ ਕਿ ਉਸਦੇ ਭਰਾ ਨੂੰ ਤਾਂ ਸਕੂਲ ਭੇਜ ਦਿੱਤਾ ਜਾਂਦਾ ਹੈ ਪਰ ਉਸਨੂੰ ਅਤੇ ਉਸਦੀ ਭੈਣ ਨੂੰ ਸਕੂਲ ਨਹੀਂ ਭੇਜਿਆ ਜਾਂਦਾ। ਖਿਡੌਣੇ ਵੇਚਣ ਵਾਲੀ ਇੱਕ ਲੜਕੀ ਨੇ ਦੱਸਿਆ ਕਿ ਉਸਦੀ ਮਾਂ ਆਪਣੇ ਕੰਮ ਤੇ ਚਲੀ ਜਾਂਦੀ ਹੈ ਅਤੇ ਉਹ ਘਰ ਜਾ ਕੇ ਘਰ ਦਾ ਸਾਰਾ ਕੰਮ ਕਰਦੀ ਹੈ। ਮੇਰੇ ਚਾਚੇ ਦੀ ਬੇਟੀ ਵੀ ਸਾਡੇ ਕੋਲ ਪਹੁੰਚ ਗਈ। ਉਸਨੇ ਕਿਹਾ ਕਿ ਆਓ ਰੋਟੀ ਖਾ ਲਈਏ। ਮੇਰੇ ਚਾਚਾ ਜੀ ਨੇ ਇਹਨਾਂ ਬੱਚਿਆਂ ਲਈ ਵੀ ਰੋਟੀ ਮੰਗਵਾ ਦਿੱਤੀ। ਅਸੀਂ ਵੀ ਸਾਰਿਆਂ ਨੇ ਰੋਟੀ ਖਾਧੀ ਅਤੇ ਸ਼ਾਮ ਦੇ ਵੇਲੇ ਬਰਾਤ ਤੁਰ ਪਈ। ਅਸੀਂ ਖੁਸ਼ੀ-ਖੁਸ਼ੀ ਘਰ ਵਾਪਸ ਆ ਗਏ।

? 1. ਗੁਬਾਰੇ ਵੇਚਣ ਵਾਲਾ ਬੱਚਾ ਸਕੂਲ ਕਿਉਂ ਨਹੀਂ ਜਾ ਰਿਹਾ ?

..........................................................................................................

..........................................................................................................

? 2. ਕੀ ਲੜਕੀਆਂ ਨੂੰ ਸਕੂਲ ਪੜ੍ਹਨ ਨਾ ਭੇਜਣਾ ਚੰਗੀ ਗੱਲ ਹੈ ?

..........................................................................................................

..........................................................................................................

? 3. ਖਿਡੌਣੇ ਵੇਚਣ ਵਾਲੀ ਲੜਕੀ ਸਕੂਲ ਕਿਉਂ ਨਹੀਂ ਜਾ ਰਹੀ ?

..........................................................................................................

..........................................................................................................


ਆਪਣੇ ਆਲੇ-ਦੁਆਲੇ ਦੇ ਅਜਿਹੇ ਬੱਚੇ ਲੱਭੋ ਜੋ ਸਕੂਲ ਨਹੀਂ ਜਾਂਦੇ ਹਨ। ਅਜਿਹੇ ਬੱਚਿਆਂ ਬਾਰੇ ਆਪਣੇ ਅਧਿਆਪਕ ਨਾਲ ਚਰਚਾ ਕਰੋ।

ਅਧਿਆਪਕ ਲਈ :- ਅਧਿਆਪਕ ਵਿਦਿਆਰਥੀਆਂ ਨੂੰ ਸਿੱਖਿਆ ਦੇ ਅਧਿਕਾਰ ਅਤੇ ਸਿੱਖਿਆ ਸਭ ਦਾ ਹੱਕ ਹੈ, ਬਾਰੇ ਖੁੱਲ੍ਹੀ ਚਰਚਾ ਕਰੇ।

ਪਾਠ-4

# ਕਿੱਕਲੀ

ਇਹ ਬੱਚੇ ਕੀ ਕਰ ਰਹੇ ਹਨ? ਇਹ ਖੇਡ ਰਹੇ ਹਨ। ਆਓ ਦੇਖੀਏ ਇਹ ਕੀ ਖੇਡ ਰਹੇ ਹਨ।



ਚਿੱਤਰ 4.1 ਵੱਖ ਵੱਖ ਖੇਡਾਂ

## ਕਿਰਿਆ : 1

ਕੀ ਇਹਨਾਂ ਬੱਚਿਆਂ ਵਾਂਗ ਤੁਹਾਨੂੰ ਵੀ ਖੇਡਣਾ ਚੰਗਾ ਲਗਦਾ ਹੈ? ਅੱਜ ਆਪਾਂ ਖੇਡਾਂਗੇ। ਪਹਿਲਾਂ ਕੁੱਝ ਗੱਲਾਂ ਖੇਡਣ ਬਾਰੇ ਕਰ ਲਈਏ। ਤੁਹਾਨੂੰ ਜਿਹੜੀਆਂ ਵੀ ਖੇਡਾਂ ਦਾ ਪਤਾ ਹੈ ਉਹਨਾਂ ਦੇ ਨਾਂ ਲਿਖੋ।

ਉਹਨਾਂ ਵਿਚੋਂ ਜਿਹੜੀਆਂ ਖੇਡਾਂ ਤੁਸੀਂ ਖੇਡੀਆਂ ਹਨ ਉਹਨਾਂ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ।

.............................   .............................

.............................   .............................


.............................   .............................

.............................   .............................

.............................   .............................

## ਕਿਰਿਆ : 2

ਇਹਨਾਂ ਵਿੱਚੋਂ ਕਿਹੜੀਆਂ ਖੇਡਾਂ ਕਮਰੇ ਵਿੱਚ ਅਤੇ ਕਿਹੜੀਆਂ ਖੁੱਲ੍ਹੀ ਜਗ੍ਹਾ ਜਾਂ ਮੈਦਾਨ ਵਿੱਚ ਖੇਡੀਆਂ ਜਾਂਦੀਆਂ ਹਨ? ਹੇਠਾਂ ਦਿੱਤੇ ਖਾਕਿਆਂ ਵਿੱਚ ਲਿਖੋ।



ਕਮਰੇ ਵਿਚ ਖੇਡੀਆਂ ਜਾਣ ਵਾਲੀਆਂ ਖੇਡਾਂ

ਖੁੱਲ੍ਹੀ ਜਗ੍ਹਾ ਜਾਂ ਮੈਦਾਨ ਵਿੱਚ ਖੇਡੀਆਂ ਜਾਣ ਵਾਲੀਆਂ ਖੇਡਾਂ

ਕਿਰਿਆ : 3

**ਹੁਣ ਤੁਸੀਂ ਆਪਣੀ ਮਨਪਸੰਦ ਖੇਡ ਬਾਰੇ ਹੇਠਾਂ ਲਿਖੋ :**

ਇਸ ਵਿੱਚ ਕਿਹੜੇ-ਕਿਹੜੇ ਖੇਡ ਦੇ ਸਾਮਾਨ ਦੀ ਲੋੜ ਪੈਂਦੀ ਹੈ ?

..................................

ਕਿਹੜੀ ਖੇਡ ਤੁਹਾਨੂੰ ਸਭ ਤੋਂ ਵੱਧ ਪਸੰਦ ਹੈ ?

..................................

ਕੌਣ-ਕੌਣ ਇਹ ਖੇਡ ਤੁਹਾਡੇ ਨਾਲ ਖੇਡਦਾ ਹੈ ?

..................................

ਇਹ ਕਿੱਥੇ ਖੇਡੀ ਜਾ ਸਕਦੀ ਹੈ, ਕਮਰੇ ਵਿੱਚ ਜਾਂ ਮੈਦਾਨ ਵਿੱਚ ?

..................................

ਕਿਰਿਆ : 4

ਆਪਣੇ ਘਰ ਵਿੱਚ ਵੱਡਿਆਂ ਕੋਲੋਂ ਪੁੱਛ ਕੇ ਲਿਖੋ ਕਿ ਉਹ ਆਪਣੇ ਬਚਪਨ ਵਿੱਚ ਕਿਹੜੀਆਂ-ਕਿਹੜੀਆਂ ਖੇਡਾਂ ਖੇਡਦੇ ਸਨ ?

..............................................................................................................................

..............................................................................................................................



ਅਧਿਆਪਕ ਲਈ : ਅਧਿਆਪਕ ਕੁੱਝ ਹੋਰ ਖੇਡਾਂ ਜਿਵੇਂ ਕੋਟਲਾ- ਛਪਾਕੀ, ਖੋ-ਖੋ, ਊਚ-ਨੀਚ, ਕੈਰਮ, ਕਬੱਡੀ ਆਦਿ ਜਾਂ ਹੋਰ ਸਥਾਨਕ ਖੇਡਾਂ ਬਾਰੇ ਬੱਚਿਆਂ ਨਾਲ ਚਰਚਾ ਕਰੇ ਅਤੇ ਜਦੋਂ ਵੀ ਸੰਭਵ ਹੋਵੇ, ਖੇਡਣ ਵਿੱਚ ਮਦਦ ਕਰੇ।

? - ਖੇਡਣ ਤੋਂ ਬਿਨਾਂ ਤੁਸੀਂ ਵਿਹਲੇ ਸਮੇਂ ਵਿੱਚ ਹੋਰ ਕੀ ਕਰਦੇ ਹੋ ?

..............................................................................................................................

..............................................................................................................................

ਕਿਰਿਆ : 5

ਵਿਹਲੇ ਸਮੇਂ ਵਿੱਚ ਤੁਹਾਡੇ ਪਰਿਵਾਰ ਦੇ ਬਾਕੀ ਮੈਂਬਰ ਵੀ ਬਹੁਤ ਸਾਰੇ ਕੰਮ ਕਰਦੇ ਹੋਣਗੇ। ਆਓ ਲਿਖੀਏ ਕੌਣ ਕੀ ਕਰਦਾ ਹੈ ?

| ਮੈਂਬਰ | ਕੰਮ |
|---|---|
| ........................................ | .................................................................. |
| ........................................ | .................................................................. |
| ........................................ | .................................................................. |
| ........................................ | .................................................................. |

ਕਿਰਿਆ : 6

ਅਧਿਆਪਕ ਦੋ ਵਿਦਿਆਰਥੀਆਂ ਨੂੰ ਕਿਕਲੀ ਪਾਉਂਦੇ ਹੋਏ ਹੇਠ ਲਿਖਿਆ ਗੀਤ ਗਾਉਣ ਲਈ ਕਹੇਗਾ :-

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ,
ਦੁਪੱਟਾ ਮੇਰੇ ਭਾਈ ਦਾ,
........................................

ਕਿਰਿਆ : 7

**ਖੇਡਾਂ ਬਾਰੇ ਤੁਹਾਨੂੰ ਕੋਈ ਗੀਤ ਜਾਂ ਕਵਿਤਾ ਯਾਦ ਹੋਵੇ ਤਾਂ ਲਿਖੋ।**

..................................................................................................

..................................................................................................

..................................................................................................

..................................................................................................

ਪਾਠ-੫

# ਪੌਦੇ – ਸਾਡੇ ਮਿੱਤਰ

ਗੁਰਲੀਨ ਆਪਣੇ ਪਿਤਾ ਜੀ ਨਾਲ ਸਕੂਲ ਆਈ। ਉਸਦੇ ਪਿਤਾ ਜੀ ਢੇਰ ਸਾਰੇ ਪੌਦੇ ਲੈ ਕੇ ਆਏ। ਉਹਨਾਂ ਨੇ ਦੱਸਿਆ ਕਿ ਅੱਜ ਗੁਰਲੀਨ ਦਾ ਜਨਮ ਦਿਨ ਹੈ। ਇਸ ਲਈ ਸਕੂਲ ਵਿਚ ਪੌਦੇ ਲਗਾ ਕੇ ਜਨਮ ਦਿਨ ਮਨਾਉਣਾ ਚਾਹੁੰਦੇ ਹਨ। ਸਭ ਨੇ ਖੁਸ਼ੀ-ਖੁਸ਼ੀ ਪੌਦੇ ਲਗਵਾਏ।



ਚਿੱਤਰ 5.1 ਬੱਚਾ ਪੌਦਾ ਲਗਾਉਂਦੇ ਹੋਏ

ਤੀਸਰੀ ਕਲਾਸ ਦੇ ਕੁਲਵੰਤ ਨੂੰ ਗੁਰਲੀਨ ਵੱਲੋਂ ਲਾਇਆ ਪੌਦਾ ਬੜਾ ਸੋਹਣਾ ਲੱਗਿਆ। ਉਸਨੇ ਆਪਣੀ ਮੈਡਮ ਨੂੰ ਪੁੱਛ ਹੀ ਲਿਆ, "ਮੈਡਮ ਜੀ ਇਹ ਕਾਹਦਾ ਪੌਦਾ ਹੈ? "

"ਬੇਟਾ ਇਹ ਗੁਲਾਬ ਦਾ ਪੌਦਾ ਹੈ।" ਮੈਡਮ ਨੇ ਜਵਾਬ ਦਿੱਤਾ।

ਮੈਡਮ ਜੀ 'ਇਹ ਕਾਹਦਾ ਹੈ, ਉਹ ਕਾਹਦਾ ਹੈ' ਕਈ ਵਿਦਿਆਰਥੀ ਇਕੱਠੇ ਹੀ ਬੋਲ ਪਏ।

ਮੈਡਮ ਨੇ ਹੱਸਦੇ ਹੋਏ ਕਿਹਾ, "ਚਲੋ ਆਪਾਂ ਇੱਕ ਖੇਡ ਖੇਡਦੇ ਹਾਂ, ਇਸ ਨਾਲ ਤੁਸੀਂ ਪੌਦਿਆਂ ਬਾਰੇ ਬਹੁਤ ਕੁੱਝ ਜਾਣ ਜਾਵੋਗੇ।"

ਹਰ ਬੱਚੇ ਨੂੰ ਇੱਕ ਸਲੇਟ ਅਤੇ ਚਾਕ ਦਿੱਤਾ ਗਿਆ।

ਮੈਡਮ ਨੇ ਕਿਹਾ, "ਜਦੋਂ ਮੈਂ ਤਾੜੀ ਮਾਰਾਂਗੀ ਤੁਸੀਂ ਆਪਣੇ ਮਨਪਸੰਦ ਪੌਦੇ ਨੂੰ ਛੂਹ ਕੇ ਉਸਦਾ ਨਾਮ ਲਿਖੋਗੇ।"




ਚਿੱਤਰ 5.2 ਵੱਖ ਵੱਖ ਦਰਖਤ (ੳ) ਬੋਹੜ (ਅ) ਨਿੰਮ (ੲ) ਤੂਤ

ਕਿਰਿਆ : 1

ਉੱਪਰਲੇ ਚਿੱਤਰ ਵਿਚ ਬੱਚਿਆਂ ਨੇ ਪੌਦਿਆਂ ਦੇ ਨਾਮ ਬੁੱਝ ਲਏ ਹਨ। ਹੇਠਾਂ ਅਮਰੂਦ, ਪੇਠੇ ਦੀ ਵੇਲ, ਖਜੂਰ ਅਤੇ ਪੋਪਲਰ ਦੇ ਚਿੱਤਰ ਦਿੱਤੇ ਗਏ ਹਨ। ਇਹਨਾਂ ਨਾਵਾਂ ਨੂੰ ਸੰਬੰਧਤ ਚਿੱਤਰ ਦੇ ਹੇਠਾਂ ਲਿਖੋ-



(ੳ) (ਅ) (ੲ) (ਸ)

ਚਿੱਤਰ 5.3

ਪੌਦਿਆਂ ਨੂੰ ਛੂਹ ਕੇ ਸਭ ਬੜੇ ਖੁਸ਼ ਹਨ। ਮੈਡਮ ਨੇ ਇੱਕ ਰੁੱਖ ਦੇ ਤਣੇ ਵੱਲ ਇਸ਼ਾਰਾ ਕਰਕੇ ਕਿਹਾ ਕਿ ਪੌਦਿਆਂ ਦੇ ਤਣਿਆਂ ਨੂੰ ਧਿਆਨ ਨਾਲ ਦੇਖੋ ਅਤੇ ਧਾਗੇ ਦੀ ਸਹਾਇਤਾ ਨਾਲ ਤਣੇ ਨਾਪੋ। ਲੱਭੋ ਕਿ ਕਿਸ ਪੌਦੇ ਦਾ ਤਣਾ ਪਤਲਾ ਹੈ ਅਤੇ ਕਿਸ ਪੌਦੇ ਦਾ ਤਣਾ ਮੋਟਾ ਹੈ।



ਚਿੱਤਰ 5.4 ਧਾਗੇ ਦੀ ਮਦਦ ਨਾਲ ਤਣਾ ਨਾਪਦੇ ਹੋਏ ਬੱਚੇ

ਕਿਰਿਆ : 2

ਆਪਣੇ ਸਕੂਲ ਵਿਚ ਬਹੁਤ ਮੋਟੇ ਅਤੇ ਬਹੁਤ ਪਤਲੇ ਤਣੇ ਵਾਲੇ ਦੋ-ਦੋ ਪੌਦੇ ਲੱਭੋ।

ਮੋਟੇ ਤਣੇ ਵਾਲੇ ਪੌਦੇ 1 .................. 2 ......................

ਪਤਲੇ ਤਣੇ ਵਾਲੇ ਪੌਦੇ 1 .................. 2 ......................

ਸਾਰੇ ਪੌਦਿਆਂ ਦਾ ਰੰਗ ਅਤੇ ਸ਼ਕਲ ਇਕੋ ਜਿਹੀ ਨਹੀਂ ਹੁੰਦੀ। ਜਿਵੇਂ ਕਿੱਕਰ ਦਾ ਤਣਾ ਕਾਲਾ ਅਤੇ ਸਫੈਦੇ ਦਾ ਤਣਾ ਸਫੇਦ ਹੁੰਦਾ ਹੈ। ਬਰਮਾ ਡੇਕ ਦੇਖਣ ਨੂੰ ਖੁੱਲ੍ਹੀ ਛੱਤਰੀ ਵਾਂਗ ਲੱਗਦੀ ਹੈ। ਸਫੈਦੇ ਲੰਬੇ ਅਤੇ ਸਿੱਧੇ ਹੁੰਦੇ ਹਨ। ਕੱਦੂ ਦੀ ਵੇਲ ਧਰਤੀ ਉਪਰ ਫੈਲ ਜਾਂਦੀ ਹੈ। ਤੁਸੀਂ ਆਪਣੇ ਸਕੂਲ, ਘਰ, ਪਾਰਕ ਅਤੇ ਖੇਤ ਵਿੱਚ ਕਈ ਤਰ੍ਹਾਂ ਦੇ ਪੌਦੇ ਵੇਖੇ ਹੋਣਗੇ। ਉਹਨਾਂ ਦੇ ਆਧਾਰ ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ।

? 1. ਵੱਖ ਵੱਖ ਰੰਗ ਦੇ ਤਣਿਆਂ ਵਾਲੇ ਦੋ ਪੌਦਿਆਂ ਦੇ ਨਾਮ ਲਿਖੋ। ............ ............

? 2. ਦੋ ਅਜਿਹੇ ਪੌਦੇ ਲੱਭੋ ਜੋ ਛਤਰੀ ਵਰਗੇ ਦਿਖਦੇ ਹਨ। ............ ............

? 3. ਦੋ ਅਜਿਹੇ ਪੌਦੇ ਲੱਭੋ ਜੋ ਲੰਬੇ ਅਤੇ ਸਿੱਧੇ ਹਨ। ............ ............

? 4. ਦੋ ਅਜਿਹੇ ਪੌਦੇ ਲੱਭੋ ਜੋ ਧਰਤੀ ਉਪਰ ਫੈਲ ਜਾਂਦੇ ਹਨ। ............ ............

ਜਗਜੀਤ ਨੇ ਮੈਡਮ ਨੂੰ ਕਿਹਾ "ਮੈਨੂੰ ਰੁੱਖਾਂ ਵਾਲਾ ਇੱਕ ਗੀਤ ਆਉਂਦਾ ਹੈ"। ਮੈਡਮ ਨੇ ਸਭ ਬੱਚੇ ਰੁੱਖਾਂ ਦੀ ਛਾਂਵੇ ਬਿਠਾ ਲਏ ਅਤੇ ਜਗਜੀਤ ਨੂੰ ਗੀਤ ਸੁਣਾਉਣ ਲਈ ਕਿਹਾ।

ਮੁਫਤ ਇਹ ਸਾਨੂੰ ਛਾਂ ਦਿੰਦੇ ਨੇ
ਠੰਢੀ ਠੰਢੀ ਹਵਾ ਦਿੰਦੇ ਨੇ
ਆਰੀ ਤੇ ਕੁਲਹਾੜੀ ਪਿੱਛੇ ਹਟਾ ਲਈਏ,
ਰੁੱਖਾਂ ਦੇ ਨਾਲ ਪੱਕੀ ਆੜੀ ਪਾ ਲਈਏ।

ਅੰਬ, ਸੇਬ ਤੇ ਕੇਲਾ ਮਿੱਠਾ।
ਕਿਨੂੰ, ਸੰਤਰਾ, ਨਿੰਬੂ ਖੱਟਾ
ਰੁੱਖਾਂ ਤੋਂ ਫ਼ਲ ਮਿਲਦੇ, ਰੁੱਖ ਲਗਾ ਲਈਏ
ਰੁੱਖਾਂ ਦੇ ਨਾਲ ਪੱਕੀ ਆੜੀ ਪਾ ਲਈਏ।

ਪੰਛੀਆਂ ਦਾ ਇਹ ਰੈਣ ਬਸੇਰਾ
ਲੱਕੜੀ, ਭੋਜਨ ਦੇਣ ਬਥੇਰਾ
ਰੁੱਖਾਂ ਵਰਗੇ ਮਿੱਤਰ ਨਾ ਗੁਆ ਬਹੀਏ
ਪੌਦਿਆਂ ਦੇ ਨਾਲ ਪੱਕੀ ਆੜੀ ਪਾ ਲਈਏ।

ਮੀਂਹ ਪਵਾਉਣ 'ਚ ਮਦਦ ਦੇਂਦੇ
ਵਿੱਚ ਦਵਾਈਆਂ ਵੀ ਇਹ ਪੈਂਦੇ
ਗੰਦੀ ਹਵਾ ਨੂੰ ਸਾਫ਼ ਕਰਾ ਲਈਏ
ਪੌਦਿਆਂ ਦੇ ਨਾਲ ਪੱਕੀ ਆੜੀ ਪਾ ਲਈਏ।

ਅੰਨ੍ਹੇਵਾਹ ਨਾ ਪੌਦੇ ਕੱਟੀਏ
ਲੋੜ ਵੇਲੇ ਜੇ ਰੁੱਖ ਨੂੰ ਪੱਟੀਏ
ਇਕ ਦੀ ਥਾਂ ਪੰਜ ਪੌਦੇ ਲਾ ਦੇਈਏ
ਪੌਦਿਆਂ ਦੇ ਨਾਲ ਪੱਕੀ ਆੜੀ ਪਾ ਲਈਏ।

ਸਭ ਨੇ ਖ਼ੂਬ ਤਾੜੀਆਂ ਮਾਰੀਆਂ। ਗੀਤ ਸੁਣ ਕੇ ਬੱਚਿਆਂ ਨੂੰ ਪਤਾ ਲੱਗਿਆ ਕਿ ਪੌਦੇ ਸਾਨੂੰ ਕਿੰਨਾ ਕੁੱਝ ਦਿੰਦੇ ਹਨ।

ਕਿਰਿਆ : 3

ਹੇਠਾਂ ਕੁੱਝ ਵਸਤੂਆਂ ਦੀ ਸੂਚੀ ਦਿੱਤੀ ਗਈ ਹੈ ਉਹਨਾਂ ਵਿੱਚੋਂ ਜੋ ਵਸਤੂਆਂ ਸਾਨੂੰ ਰੁੱਖਾਂ ਜਾਂ ਪੌਦਿਆਂ ਤੋਂ ਪ੍ਰਾਪਤ ਹੁੰਦੀਆਂ ਹਨ ਉਹਨਾਂ ਤੇ ਚੱਕਰ ਲਗਾਓ।

| | | |
|---|---|---|
| ਛਾਂ | ਦਵਾਈਆਂ ਵਿਚ ਵਰਤੋਂ | ਫ਼ਲ |
| ਕੁਲਫੀ | ਲੱਕੜੀ | ਪੈਨੱ |
| ਠੰਢੀ ਠੰਢੀ ਹਵਾ | ਰੂੰ | ਸਾਈਕਲ |
| ਪੰਛੀਆਂ ਦਾ ਰਹਿਣ ਸਥਾਨ | ਕੱਚਾ ਭੋਜਨ | ਹਲਦੀ |

"ਮੈਡਮ ਜੀ, ਪੌਦੇ ਮੀਂਹ ਵੀ ਪਵਾਉਂਦੇ ਹਨ?" ਰਾਜੂ ਨੇ ਪੁੱਛਿਆ।

"ਹਾਂ ਬੇਟਾ, ਪੌਦੇ ਮੀਂਹ ਪਵਾਉਂਦੇ ਹਨ, ਹਵਾ ਨੂੰ ਸਾਫ ਕਰਦੇ ਹਨ ਅਤੇ ਭੂਮੀ-ਖੋਰ ਤੋਂ ਬਚਾਅ ਵੀ ਕਰਦੇ ਹਨ।" ਮੈਡਮ ਨੇ ਸਮਝਾਉਣਾ ਸ਼ੁਰੂ ਕੀਤਾ।



ਅਧਿਆਪਕ ਲਈ : ਅਧਿਆਪਕ ਸੌਖੇ ਸ਼ਬਦਾਂ ਵਿਚ ਸਮਝਾ ਦੇਵੇ ਕਿ ਪੌਦੇ ਹਵਾ ਨੂੰ ਸਾਫ਼ ਕਰਨ, ਭੂਮੀ-ਖੋਰ ਤੋਂ ਬਚਾਅ ਅਤੇ ਮੀਂਹ ਪਵਾਉਣ ਵਿਚ ਕਿਵੇਂ ਮਦਦ ਕਰਦੇ ਹਨ।

ਰਾਹੁਲ ਖੁਸ਼ੀ ਖੁਸ਼ੀ ਬੋਲਿਆ, "ਫਿਰ ਤਾਂ ਪੌਦੇ ਸਾਡੇ ਸਭ ਤੋਂ ਵਧੀਆ ਦੋਸਤ ਹਨ।" "ਕੀ ਤੁਸੀਂ ਪੌਦਿਆਂ ਨਾਲ ਦੋਸਤੀ ਕਰੋਗੇ ?" ਮੈਡਮ ਨੇ ਪੁੱਛਿਆ। "ਹਾਂ ਜੀ, ਹਾਂ ਜੀ" ਸਾਰੇ ਵਿਦਿਆਰਥੀਆਂ ਨੇ ਹੱਥ ਖੜ੍ਹਾ ਕਰਕੇ ਕਿਹਾ।

ਮੈਡਮ ਨੇ ਹਰ ਬੱਚੇ ਨੂੰ ਮਨਪਸੰਦ ਪੌਦਾ ਨਵੇਂ ਦੋਸਤ ਵਜੋਂ ਸਾਂਭ ਸੰਭਾਲ ਕਰਨ ਲਈ ਦੇ ਦਿੱਤਾ। ਰਣਦੀਪ ਨੇ ਅਚਾਨਕ ਪੁੱਛਿਆ, "ਮੈਡਮ ਜੀ, ਕੀ ਆਪਣੇ ਸਕੂਲ ਵਿਚ ਸੇਬ ਦਾ ਪੌਦਾ ਹੈ ?" "ਨਹੀਂ ਬੇਟਾ, ਸੇਬ ਦੇ ਪੌਦੇ ਬਹੁਤ ਠੰਢੇ ਇਲਾਕੇ ਵਿਚ ਉੱਗਦੇ ਹੁੰਦੇ ਹਨ।" ਜਿਵੇਂ ਕਸ਼ਮੀਰ ਅਤੇ ਸ਼ਿਮਲਾ।

ਕਿਰਿਆ : 4

ਅਧਿਆਪਕ ਦੀ ਮਦਦ ਨਾਲ ਲਿਖੋ ਕਿ ਹੇਠ ਲਿਖੇ ਪੌਦੇ ਕਿੱਥੇ-ਕਿੱਥੇ ਮਿਲਦੇ ਹਨ ?

| | | |
|---|---|---|
| ਬਦਾਮ ਦਾ ਪੌਦਾ | .................. | .................. |
| ਨਾਰੀਅਲ ਦਾ ਪੌਦਾ | .................. | .................. |
| ਕੇਲੇ ਦਾ ਪੌਦਾ | .................. | .................. |
| ਨਰਮਾ-ਕਪਾਹ | .................. | .................. |
| ਕਣਕ | .................. | .................. |
| ਖਜੂਰ | .................. | .................. |

ਕਿਰਿਆ : 5

ਬਹੁਤ ਸਾਰੇ ਅਜਿਹੇ ਪੌਦੇ ਅਤੇ ਦਰੱਖਤ ਹਨ ਜੋ ਅਲੋਪ ਹੁੰਦੇ ਜਾ ਰਹੇ ਹਨ। ਆਪਣੇ ਅਧਿਆਪਕ, ਦਾਦਾ-ਦਾਦੀ ਜਾਂ ਨਾਨਾ-ਨਾਨੀ ਜੀ ਦੀ ਮੱਦਦ ਨਾਲ ਉਹਨਾਂ ਪੌਦਿਆਂ ਅਤੇ ਦਰੱਖਤਾਂ ਦੀ ਸੂਚੀ ਬਣਾਓ।

.............................. .............................. ..............................

.............................. .............................. ..............................

ਅਗਲੇ ਦਿਨ ਗੁਰਲੀਨ ਇੱਕ ਪੌਦੇ ਦੇ ਪੱਤੇ ਲੈ ਕੇ ਆਈ। ਇਹ ਪੱਤੇ ਗਾਜਰ ਘਾਹ ਦੇ ਸਨ। ਉਹ ਬਹੁਤ ਸਾਰੀਆਂ ਗੱਲਾਂ ਦੱਸਣ ਨੂੰ ਕਾਹਲੀ ਸੀ। ਮੈਡਮ ਦੇ ਜਮਾਤ ਵਿੱਚ ਆਉਂਦਿਆਂ ਹੀ ਗੁਰਲੀਨ ਛੇਤੀ-ਛੇਤੀ ਬੋਲਣ ਲੱਗੀ ਕਿ ਕੱਲ੍ਹ ਉਸਨੂੰ ਉਸਦੇ ਦਾਦਾ ਜੀ ਨੇ ਬਹੁਤ ਸਾਰੇ ਪੌਦੇ ਦਿਖਾਏ। ਦਾਦਾ ਜੀ ਨੇ ਦੱਸਿਆ ਕਿ ਜਦੋਂ ਉਹ ਛੋਟੇ ਹੁੰਦੇ ਸਨ ਤਾਂ ਇਹ ਪੌਦੇ ਨਹੀਂ ਮਿਲਦੇ ਸਨ।

ਉਸਦੇ ਗੁਆਂਢੀ ਬਜ਼ੁਰਗ ਸੰਤਾ ਸਿੰਘ ਨੇ ਦੱਸਿਆ ਕਿ 'ਗਾਜਰ-ਘਾਹ' ਆਪਣੇ ਆਪ ਹੀ ਬਹੁਤ ਜ਼ਿਆਦਾ ਮਾਤਰਾ ਵਿੱਚ ਉੱਗ ਜਾਂਦੀ ਹੈ। ਇਹ ਸਾਡੀਆਂ ਫ਼ਸਲਾਂ ਦੀ ਖੁਰਾਕ ਖਾ ਜਾਂਦੀ ਹੈ। ਇਸ ਨੂੰ ਖਤਮ ਕਰਨ ਲਈ ਦਵਾਈਆਂ ਛਿੜਕਣੀਆਂ ਪੈਂਦੀਆਂ ਹਨ। ਇਹ ਦਵਾਈਆਂ ਹਵਾ ਅਤੇ ਪਾਣੀ ਨੂੰ ਜ਼ਹਿਰੀਲਾ ਬਣਾ ਰਹੀਆਂ ਹਨ।



ਚਿੱਤਰ 5.5. ਗਾਜਰ ਘਾਹ



ਚਿੱਤਰ 5.6 ਚਾਵਲ ਦਾ ਪੌਦਾ

ਸੰਤਾ ਸਿੰਘ ਦੇ ਭਰਾ ਨੱਥਾ ਸਿੰਘ ਨੇ ਵੀ ਦੱਸਿਆ ਕਿ ਪਹਿਲਾਂ ਪਾਣੀ ਘੱਟ ਹੋਣ ਕਾਰਨ ਪੰਜਾਬ ਵਿੱਚ ਝੋਨਾ ਨਹੀਂ ਹੁੰਦਾ ਸੀ। ਹੁਣ ਟਿਊਬਵੈੱਲ ਅਤੇ ਨਹਿਰਾਂ ਤੋਂ ਪਾਣੀ ਮਿਲਣ ਕਰਕੇ ਝੋਨਾ ਤਾਂ ਬਹੁਤ ਹੋਣ ਲੱਗ ਪਿਆ ਹੈ ਪਰੰ ਧਰਤੀ ਹੇਠਲਾ ਪਾਣੀ ਹਰ ਰੋਜ਼ ਡੂੰਘਾ ਹੋਈ ਜਾਂਦਾ ਹੈ। ਪਾਣੀ ਡੂੰਘਾ ਹੋਣ ਨਾਲ ਸਾਡੀ ਧਰਤੀ ਰੇਤਲੀ ਬਣ ਜਾਵੇਗੀ। ਇਹ ਸਾਡੇ ਸਾਰਿਆਂ ਲਈ ਵੱਡੀ ਮੁਸੀਬਤ ਬਣ ਜਾਵੇਗੀ।

## ਕਿਰਿਆ : 6

ਆਪਣੇ ਅਧਿਆਪਕ, ਮਾਤਾ-ਪਿਤਾ, ਦਾਦਾ-ਦਾਦੀ, ਨਾਨਾ-ਨਾਨੀ ਜਾਂ ਕਿਸੇ ਹੋਰ ਵੱਡੇ ਦੀ ਸਹਾਇਤਾ ਨਾਲ ਅਜਿਹੇ ਹੋਰ ਪੌਦੇ ਪਹਿਚਾਣੋ ਜੋ ਉਹਨਾਂ ਦੇ ਬਚਪਨ ਵਿੱਚ ਨਹੀਂ ਮਿਲਦੇ ਸਨ। ਉਹਨਾਂ ਤੋਂ ਹੋਣ ਵਾਲੇ ਲਾਭ ਜਾਂ ਹਾਨੀ ਬਾਰੇ ਲਿਖੋ।

| ਪੌਦੇ ਜਾਂ ਫ਼ਸਲ ਦਾ ਨਾਮ | ਹੋਣ ਵਾਲਾ ਕੋਈ ਲਾਭ | ਹੋਣ ਵਾਲੀ ਕੋਈ ਹਾਨੀ |
|---|---|---|
| .............................. | .............................. | .............................. |
| .............................. | .............................. | .............................. |
| .............................. | .............................. | .............................. |

## ਕਿਰਿਆ : 7

**ਦਿਮਾਗੀ ਘੋਲ : ਬੁੱਝੋ ਅਤੇ ਮਿਲਾਣ ਕਰੋ।**

| | |
|---|---|
| ਕੇਸਰੀ ਲੱਗਣ ਫੁੱਲ ਓਸਨੂੰ, ਕਰੇ ਬਿਨ ਪੱਤਿਆਂ ਤੋਂ ਛਾਂ,<br>ਬੁੱਝ ਖਾਂ ਭਲਾ ਬੱਚਿਓ, ਕੀ ਇਸ ਰੁੱਖ ਦਾ ਨਾਂ। | ਗੰਨਾ |
| ਕਾਠ ਉੱਤੇ ਕਾਠ, ਵਿੱਚ ਬੈਠਾ ਜਗਨਨਾਥ। | ਨਿੰਮ |
| ਇੱਕ ਸੋਟੀ ਦੀ ਕਹਾਣੀ, ਵਿੱਚ ਭਰਿਆ ਮਿੱਠਾ ਪਾਣੀ। | ਕਰੀਰ |
| ਟਾਹਣੀਆਂ ਕੌੜੀਆਂ, ਫਲ ਮਿੱਠਾ,<br>ਪੱਤੇ ਕੌੜੇ, ਗੁਣ ਮਿੱਠਾ। | ਬਦਾਮ |

ਪਾਠ-6

# ਰੰਗ-ਬਿਰੰਗੇ ਪੱਤੇ

ਕੱਲ੍ਹ ਰਾਤ ਪੌਦਿਆਂ ਦੀਆਂ ਗੱਲਾਂ ਕਰਦਿਆਂ ਕੁਵੇਲੇ ਅਨਮੋਲ ਸੁੱਤੀ। ਅੱਜ ਐਤਵਾਰ ਹੋਣ ਕਾਰਨ ਅਨਮੋਲ ਨੂੰ ਉਸਦੀ ਮਾਂ ਨੇ ਵੀ ਨਾ ਉਠਾਇਆ। ਜਦੋਂ ਸੂਰਜ ਦੀਆਂ ਤਿੱਖੀਆਂ ਕਿਰਨਾਂ ਉਸਦੇ ਮੂੰਹ ਉੱਤੇ ਪਈਆਂ ਤਾਂ ਉਸਦੀ ਅੱਖ ਖੁੱਲ੍ਹ ਗਈ। ਪਰ ਜਾਗਦਿਆਂ ਹੀ ਉਹ ਬੜੀ ਹੈਰਾਨ ਹੋ ਗਈ। ਪੂਰੇ ਘਰ ਵਿਚ ਤਰ੍ਹਾਂ ਤਰ੍ਹਾਂ ਦੇ ਪੱਤੇ ਖਿਲਰੇ ਪਏ ਸਨ ਜਿਵੇਂ ਕਿ ਪੱਤਿਆਂ ਦਾ ਮੇਲਾ ਲੱਗਿਆ ਹੋਵੇ।

ਅਨਮੋਲ ਨੇ ਆਪਣੀ ਮਾਂ ਨੂੰ ਪੁੱਛਿਆ, "ਮੰਮੀ, ਇੰਨ੍ਹੇ ਪੱਤੇ ਕਿੱਥੋਂ ਆ ਗਏ!"

ਮਾਂ ਨੇ ਜਵਾਬ ਦਿੱਤਾ, "ਬੇਟਾ ਰਾਤ ਬੜੀ ਤੇਜ਼ ਹਨੇਰੀ ਵਗਦੀ ਰਹੀ"

ਅਨਮੋਲ ਨੇ ਫੇਰ ਪੁੱਛਿਆ, "ਕੀ ਪੱਤੇ ਸਿਰਫ ਹਨੇਰੀ ਨਾਲ ਹੀ ਝੜਦੇ ਨੇ ? "

"ਨਹੀਂ ਬੇਟਾ, ਸਰਦੀ ਸ਼ੁਰੂ ਹੋਣ ਤੋਂ ਪਹਿਲਾਂ ਵੀ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ।"



ਚਿੱਤਰ 6.1 ਪੱਤਝੜ

ਚਿੱਤਰ 6.2 ਬਹਾਰ




ਅਧਿਆਪਕ ਲਈ : ਪੱਤਝੜ ਅਤੇ ਬਹਾਰ ਬਾਰੇ ਬੱਚਿਆਂ ਨੂੰ ਵਿਸਥਾਰ ਵਿਚ ਦੱਸ ਦਿੱਤਾ ਜਾਵੇ।

ਅਨਮੋਲ ਦੇ ਪਾਪਾ ਅਤੇ ਉਸਦਾ ਵੱਡਾ ਭਰਾ ਜਸਮਨਜੋਤ ਵੀ ਆ ਗਏ। ਉਸਦੇ ਪਾਪਾ ਨੇ ਪੁੱਛਿਆ "ਬੇਟਾ, ਕੀ ਤੁਸੀਂ ਭਿੰਨ-ਭਿੰਨ ਤਰ੍ਹਾਂ ਦੇ ਪੱਤਿਆਂ ਨੂੰ ਪਹਿਚਾਣ ਸਕਦੇ ਹੋ ?"

ਕਿਰਿਆ : 1

ਚਿੱਤਰ ਵਿਚਲੇ ਪੱਤਿਆਂ ਨੂੰ ਪਹਿਚਾਣੋ ਅਤੇ ਉਹਨਾਂ ਦਾ ਨਾਮ ਹੇਠਾਂ ਦਿੱਤੀ ਸੂਚੀ ਵਿੱਚੋਂ ਲੱਭ ਕੇ ਖਾਲੀ ਥਾਂ ਵਿਚ ਲਿਖੋ।




ਚਿੱਤਰ 6.3 ਵੱਖ ਵੱਖ ਰੁੱਖਾਂ ਦੇ ਪੱਤੇ

ਉਪੱਰ ਦਿੱਤੇ ਪੱਤਿਆਂ ਦੇ ਨਾਵਾਂ ਦੀ ਸੂਚੀ :

ਤੂਤ, ਜਾਮਨ, ਸਫੇਦਾ, ਕਮਲ, ਬੋਹੜ, ਪਿੱਪਲ, ਅਮਰੂਦ, ਗੇਂਦਾ, ਟਾਹਲੀ, ਪੁਦੀਨਾ, ਨਿੰਮ, ਕੇਲਾ।

1. ਕੀ ਤੁਸੀਂ ਚਿੱਤਰ ਵਿੱਚ ਦਿੱਤੇ ਪੱਤਿਆਂ ਤੋਂ ਇਲਾਵਾ ਹੋਰ ਪੱਤਿਆਂ ਦੇ ਨਾਮ ਜਾਣਦੇ ਹੋ? ਜੇ ਹਾਂ, ਤਾਂ ਲਿਖੋ।

..........................................................................................

2. ਕਿਹੜਾ ਪੱਤਾ ਰੋਟੀ ਵਾਂਗ ਗੋਲ ਦਿਖਾਈ ਦਿੰਦਾ ਹੈ ?

..........................................................................................

3. ਤੁਸੀਂ ਕਿਹੜੇ ਕਿਹੜੇ ਰੰਗ ਦੇ ਪੱਤੇ ਵੇਖੇ ਹਨ ?

..........................................................................................

ਅਨਮੋਲ ਦੀ ਮਾਂ ਨੇ ਝਾੜੂ ਨਾਲ ਖਿਲਰੇ ਪੱਤੇ ਇਕੱਠੇ ਕਰ ਲਏ ਅਤੇ ਬੋਲੀ "ਦਿਲ ਕਰਦਾ ਏ, ਸਾਰੇ ਪੱਤਿਆਂ ਨੂੰ ਅੱਗ ਲਾ ਦੇਵਾਂ।" ਜਸਮਨ ਬੋਲਿਆ, "ਨਹੀਂ-ਨਹੀਂ, ਮੰਮੀ ਪੱਤੇ ਸਾੜਨ ਨਾਲ ਹਵਾ ਗੰਦੀ ਹੋ ਜਾਂਦੀ ਹੈ। ਪੱਤੇ, ਫ਼ਲਾਂ ਅਤੇ ਸਬਜ਼ੀਆਂ ਦੇ ਛਿੱਲੜ ਇੱਕ ਟੋਏ ਵਿਚ ਇਕੱਠੇ ਕਰਕੇ ਰੱਖਣ ਨਾਲ ਹੌਲੀ-ਹੌਲੀ ਖਾਦ ਬਣ ਜਾਂਦੀ ਹੈ। ਇਹ ਖਾਦ ਪੌਦਿਆਂ ਅਤੇ ਫ਼ਸਲਾਂ ਦੇ ਛੇਤੀ ਵਧਣ ਵਿਚ ਮਦਦ ਕਰਦੀ ਹੈ।"

"ਪੁੱਤਰ, ਤੁਹਾਨੂੰ ਇਹ ਗੱਲਾਂ ਕਿਸਨੇ ਦੱਸੀਆਂ ? " ਪਾਪਾ ਨੇ ਪੁੱਛਿਆ।

"ਪਾਪਾ, ਸਾਡੇ ਸਕੂਲ ਵਿਚ ਅਧਿਆਪਕ ਪੱਤਿਆਂ ਤੋਂ ਇਸੇ ਤਰ੍ਹਾਂ ਖਾਦ ਬਣਾਉਂਦੇ ਹਨ। "



ਚਿੱਤਰ 6.4 ਪੱਤਿਆਂ ਤੋਂ ਖਾਦ ਬਣਾਉਣ ਦਾ ਤਰੀਕਾ

**ਅਧਿਆਪਕ ਲਈ :**

ਬੱਚਿਆਂ ਨੂੰ ਕੰਪੋਸਟ ਪਿਟ ਅਤੇ ਖਾਦ ਬਾਰੇ ਦੱਸਿਆ ਜਾਵੇ।

ਹੇਠ ਦਿੱਤਿਆਂ ਉੱਪਰ ਸਹੀ (✔) ਜਾਂ ਗਲਤ (×) ਦਾ ਨਿਸ਼ਾਨ ਲਗਾਓ।

1. ਦਰੱਖਤਾਂ ਤੋਂ ਪੱਤੇ ਤੋੜ ਕੇ ਖਾਦ ਤਿਆਰ ਕਰਨੀ ਚਾਹੀਦੀ ਹੈ। ( )
2. ਘਰਾਂ ਵਿਚ ਇਕੱਠੇ ਕੀਤੇ ਪੱਤਿਆਂ ਨੂੰ ਅੱਗ ਲਗਾ ਦੇਣੀ ਚਾਹੀਦੀ ਹੈ। ( )
3. ਪੱਤੇ, ਸਬਜ਼ੀਆਂ ਅਤੇ ਫ਼ਲਾਂ ਦੇ ਛਿੱਲੜਾਂ ਤੋਂ ਖਾਦ ਤਿਆਰ ਕਰਨੀ ਚਾਹੀਦੀ ਹੈ। ( )
4. ਸਾਰੇ ਪੱਤਿਆਂ ਦਾ ਰੰਗ ਹਰਾ ਹੁੰਦਾ ਹੈ। ( )
5. ਸਾਰੇ ਪੱਤਿਆਂ ਦੀ ਸ਼ਕਲ ਇਕੋ ਜਿਹੀ ਹੁੰਦੀ ਹੈ। ( )

ਹਾਲੇ ਸਭ ਗੱਲਾਂ ਹੀ ਕਰ ਰਹੇ ਸਨ ਕਿ ਅਨਮੋਲ ਦੇ ਤਾਇਆ ਜੀ ਵੀ ਖੇਤ ਤੋਂ ਆ ਗਏ। ਅਨਮੋਲ ਆਪਣੇ ਤਾਏ ਦੇ ਮੋਢੇ ਉੱਤੇ ਟੰਗੇ ਥੈਲੇ ਨੂੰ ਵੇਖ ਕੇ ਬੜੀ ਖੁਸ਼ ਹੋਈ। ਥੈਲੇ ਉਪਰ ਵੀ ਪੱਤਿਆਂ ਵਰਗੇ ਨਿਸ਼ਾਨ ਸਨ।

ਹੇਠਾਂ ਦਿੱਤੇ ਹੋਏ ਚਿੱਤਰਾਂ ਵਿਚ ਪੱਤਿਆਂ ਦੇ ਨਮੂਨੇ ਵਾਲੀਆਂ ਕੁੱਝ ਵਸਤੂਆਂ ਹਨ।



ਚਿੱਤਰ 6.5 ਪੱਤਿਆਂ ਦੇ ਨਮੂਨੇ ਵਾਲੀਆਂ ਵਸਤਾਂ

**ਕਿਰਿਆ : 2**

ਕੀ ਤੁਸੀਂ ਪੱਤਿਆਂ ਦੇ ਨਮੂਨੇ ਵਾਲੀਆਂ ਕੁੱਝ ਹੋਰ ਵਸਤੂਆਂ ਵੇਖੀਆਂ ਹਨ? ਉਹਨਾਂ ਦੇ ਨਾਮ ਲਿਖੋ।

.............................................................................................................................................

.............................................................................................................................................

ਅਨਮੋਲ ਦੇ ਤਾਇਆ ਜੀ ਨੇ ਥੈਲੇ ਵਿਚੋਂ ਪੁਦੀਨੇ ਦੀ ਗੁੱਟੀ ਕੱਢੀ ਅਤੇ ਅਨਮੋਲ ਨੂੰ ਕਿਹਾ ਲੈ ਪੁੱਤ ਰਸੋਈ ਵਿਚ ਰੱਖ ਦੇ।" ਪੁਦੀਨੇ ਵਿਚੋ ਬੜੀ ਮਹਿਕ ਆ ਰਹੀ ਸੀ। ਅਨਮੋਲ ਪੁਦੀਨੇ ਨੂੰ ਵਾਰ ਵਾਰ ਸੁੰਘਦੇ ਹੋਏ ਰਸੋਈ ਵਿਚ ਰੱਖਣ ਚਲੀ ਗਈ।

**ਕਿਰਿਆ : 3**

ਕੁੱਝ ਖੁਸ਼ਬੂਦਾਰ ਪੱਤੇ ਜਿਵੇਂ ਤੁਲਸੀ, ਪੁਦੀਨਾ, ਤੇਜ਼ ਪੱਤਾ, ਕਿੱਕਰ, ਮਰੂਆ, ਧਨੀਆਂ, ਨਿੰਮ, ਨਿੰਬੂ, ਮੇਥੀ ਆਦਿ ਇਕੱਠੇ ਕਰਕੇ ਵਿਦਿਆਰਥੀਆਂ ਨੂੰ ਅੱਖਾਂ ਬੰਦ ਕਰਕੇ ਖੁਸ਼ਬੂ ਸਹਾਰੇ ਪੱਤਿਆਂ ਨੂੰ ਪਹਿਚਾਨਣ ਦੀ ਖੇਡ ਖਿਡਾਈ ਜਾਵੇ। ਇਹਨਾਂ ਪੱਤਿਆਂ ਦੀ ਵਰਤੋਂ ਬਾਰੇ ਵੀ ਦੱਸਿਆ ਜਾਵੇ।

**ਕਿਰਿਆ : 4**

ਹੇਠਾਂ ਦਿੱਤੀ ਪਹੇਲੀ ਵਿੱਚ ਖਾਣ ਪੀਣ ਵਾਲੀਆਂ ਅਜਿਹੀਆਂ ਵਸਤੂਆਂ ਦੇ ਨਾਮ ਲੁਕੇ ਜਾਂ ਛੁਪੇ ਹੋਏ ਹਨ ਜਿਨ੍ਹਾਂ ਵਿੱਚ ਖੁਸ਼ਬੂਦਾਰ ਪੱਤੇ ਵਰਤੇ ਜਾਂਦੇ ਹਨ। ਚਾਰ ਵਸਤੂਆਂ ਦੇ ਨਾਮ ਲੱਭੋ ਅਤੇ ਲਿਖੋ।




ਚਿੱਤਰ 6.6 ਪਹੇਲੀ

1. ਚਾਵਲ
2. ...............
3. ...............
4. ...............
5. ...............

ਕਿਰਿਆ : 5

ਤੁਸੀਂ ਵੀ ਅਜਿਹੇ ਹੋਰ ਚਿੱਤਰ (ਤਾਜ਼ੇ ਜਾਂ ਝੜ੍ਹੇ ਹੋਏ) ਪੱਤਿਆਂ ਦੀ ਵਰਤੋਂ ਕਰਕੇ ਬਣਾਉ। ਵੱਧ ਤੋਂ ਵੱਧ ਝੜੇ ਹੋਏ ਪੱਤਿਆਂ ਦੀ ਵਰਤੋਂ ਕੀਤੀ ਜਾਵੇ।



ਚਿੱਤਰ 6.7 ਪੱਤਿਆਂ ਤੋਂ ਬਣੇ ਚਿੱਤਰ



ਚਿੱਤਰ 6.8 ਮਹਿੰਦੀ ਵਾਲਾ ਹੱਥ

ਹੱਥਾਂ ਉਪੱਰ ਬਣਾਏ ਨਮੂਨੇ ਮਹਿੰਦੀ ਨਾਲ ਬਣਾਏ ਗਏ ਹਨ। ਇਹ 'ਮਹਿੰਦੀ' ਨਾਂ ਦੇ ਪੌਦੇ ਦੀਆਂ ਪੱਤੀਆਂ ਨੂੰ ਪੀਸ ਕੇ ਤਿਆਰ ਕੀਤੀ ਜਾਂਦੀ ਹੈ। ਖ਼ੁਸ਼ੀ ਦੇ ਕਈ ਮੌਕਿਆਂ ਉੱਤੇ ਮਹਿੰਦੀ ਲਗਾਈ ਜਾਂਦੀ ਹੈ। ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਕਿਹੜੇ-ਕਿਹੜੇ ਮੌਕਿਆਂ ਉੱਤੇ ਮਹਿੰਦੀ ਲਗਾਉਂਦੇ ਹੋਏ ਵੇਖਿਆ ਹੈ।

ਪਾਠ-7


# ਨਾਨੀ ਦਾ ਪਿੰਡ

ਦੀਪੀ ਬਹੁਤ ਖ਼ੁਸ਼ ਸੀ। ਸਕੂਲ ਵਿੱਚ ਛੁੱਟੀਆਂ ਸਨ। ਉਹ ਨਾਨੀ ਕੋਲ ਆਈ ਹੋਈ ਸੀ। ਉਸ ਦੀ ਛੋਟੀ ਭੈਣ ਗੋਗੀ ਵੀ ਉਸ ਨਾਲ ਸੀ। ਨਾਨੀ ਦੇ ਪਿੰਡ ਉਹਨਾਂ ਦਾ ਪਹਿਲਾ ਦਿਨ ਸੀ। ਨਾਨੀ ਉਹਨਾਂ ਨੂੰ ਕਹਾਣੀ ਸੁਣਾ ਰਹੀ ਸੀ। ਉਹਨਾਂ ਨੇ ਇੱਕ ਉੱਚੀ ਆਵਾਜ਼ ਸੁਣੀ। ਗੋਗੀ ਡਰ ਗਈ। ਉਸ ਨੇ ਪੁੱਛਿਆ, "ਇਹ ਕੀ ਹੈ ? " ਨਾਨੀ ਨੇ ਹੱਸ ਕੇ ਕਿਹਾ, "ਆ ਦਿਖਾਵਾਂ ਪੁੱਤ।"


ਨਾਨੀ ਨੇ ਕਿਹਾ, "ਇਹ ਗਾਂ ਹੈ ਧੀਏ।" ਉਸ ਨੇ ਪਿਆਰ ਨਾਲ ਗਾਂ ਦੇ ਮੱਥੇ ਉਤੇ ਹੱਥ ਫੇਰਿਆ। ਗੋਗੀ ਦਾ ਡਰ ਦੂਰ ਹੋ ਗਿਆ। ਬਾਕੀ ਜਾਨਵਰ ਵੀ ਬੋਲਣ ਲੱਗੇ। ਗੋਗੀ ਅਤੇ ਦੀਪੀ ਉਹਨਾਂ ਦੀ ਨਕਲ ਕਰਨ ਲੱਗੀਆਂ।

ਕਿਰਿਆ : 1


ਤੁਹਾਨੂੰ ਕਿਹੜੇ-ਕਿਹੜੇ ਜਾਨਵਰਾਂ ਦੀਆਂ ਆਵਾਜ਼ਾਂ ਦਾ ਪਤਾ ਹੈ ? ਕੀ ਤੁਸੀਂ ਇਹਨਾਂ ਜਾਨਵਰਾਂ ਦੀਆਂ ਆਵਾਜ਼ਾਂ ਕੱਢ ਸਕਦੇ ਹੋ ? ਕਿਸ ਦੀ ਆਵਾਜ਼ ਤੁਹਾਨੂੰ ਸਭ ਤੋਂ ਵਧੀਆ ਲਗਦੀ ਹੈ ?









ਚਿੱਤਰ 7.1 ਵੱਖ ਵੱਖ ਜਾਨਵਰ ਅਤੇ ਉਹਨਾਂ ਦੀਆਂ ਆਵਾਜ਼ਾਂ

ਗੋਗੀ ਨੇ ਪੁੱਛਿਆ, "ਇਹ ਕੀ ਕਹਿ ਰਹੇ ਹਨ?" ਨਾਨੀ ਨੇ ਕਿਹਾ, "ਇਹਨਾਂ ਨੂੰ ਭੁੱਖ ਲੱਗੀ ਹੈ।" ਉਸ ਨੇ ਗਾਂ ਅਤੇ ਮੱਝ ਨੂੰ ਚਾਰਾ ਪਾ ਦਿੱਤਾ। ਨਾਨੀ ਨੇ ਦੀਪੀ ਨੂੰ ਦੁੱਧ ਦਾ ਜੱਗ ਦਿੱਤਾ। ਦੀਪੀ ਨੇ ਕੁੱਤੇ ਅਤੇ ਬਿੱਲੀ ਨੂੰ ਦੁੱਧ ਪਾਇਆ। ਗੋਗੀ ਨੇ ਮੁਰਗੀ ਨੂੰ ਖੁਸ਼ੀ-ਖੁਸ਼ੀ ਦਾਣੇ ਪਾਏ।

ਅਗਲੇ ਦਿਨ ਨਾਨੀ ਨੇ ਕਿਹਾ, "ਤੁਹਾਡੇ ਨਾਨਾ ਜੀ ਨੂੰ ਖੇਤ ਰੋਟੀ ਦੇ ਆਵਾਂ।" ਦੀਪੀ ਅਤੇ ਗੋਗੀ ਨੇ ਕਿਹਾ, "ਅਸੀਂ ਵੀ ਜਾਵਾਂਗੇ।" ਉਹ ਰੋਟੀ ਲੈ ਕੇ ਖੇਤ ਪਹੁੰਚੇ। ਨਾਨਾ ਜੀ ਨੇ ਰੋਟੀ ਖਾਧੀ। ਉਹਨਾਂ ਨੇ ਇੱਕ ਰੋਟੀ ਬਚਾ ਲਈ ਸੀ। ਉਸ ਦੇ ਛੋਟੇ-ਛੋਟੇ ਟੁਕੜੇ ਕੀਤੇ। ਫਿਰ ਇੱਕ ਦਰੱਖ਼ਤ ਥੱਲੇ ਖਿਲਾਰ ਦਿੱਤੇ। ਇਹ ਦੇਖ ਕੇ ਚਿੜੀ, ਕਾਂ, ਕਬੂਤਰ, ਤੋਤਾ, ਘੁੱਗੀ ਅਤੇ ਗੁਟਾਰ ਉਥੇ ਆ ਗਏ। ਇੱਕ ਚੂਹਾ ਅਤੇ ਕੁੱਝ ਕੀੜੀਆਂ ਵੀ ਆ ਗਈਆਂ।

ਦਰੱਖ਼ਤ ਉਤੇ ਇੱਕ ਇੱਲ੍ਹ ਆ ਕੇ ਬੈਠ ਗਈ। ਸਾਰੇ ਜਾਨਵਰ ਤੇਜ਼ੀ ਨਾਲ ਉਥੋਂ ਚਲੇ ਗਏ। ਦੀਪੀ ਨੇ ਪੁੱਛਿਆ, "ਇਹ ਰੋਟੀ ਛੱਡ ਕੇ ਕਿਉਂ ਚਲੇ ਗਏ?" ਨਾਨਾ ਜੀ ਨੇ ਦੱਸਿਆ, "ਪੁੱਤਰ ਇਹ ਇੱਲ੍ਹ ਤੋਂ ਡਰ ਗਏ।"

## ਕਿਰਿਆ : 2

ਜਾਨਵਰਾਂ ਦਾ ਭੋਜਨ ਕਈ ਪ੍ਰਕਾਰ ਦਾ ਹੁੰਦਾ ਹੈ। ਕੀ ਤੁਸੀਂ ਕਦੇ ਕਿਸੇ ਜਾਨਵਰ ਨੂੰ ਕੁੱਝ ਖੁਆਇਆ ਹੈ? ਹੇਠਾਂ ਦਿੱਤੇ ਜਾਨਵਰਾਂ ਦਾ ਭੋਜਨ ਲੱਭ ਕੇ ਲਿਖੋ।



| | | | | | | |
|---|---|---|---|---|---|---|
| ਮੱ | ੳ | ਸ | ਤ | ਦ | ਸ | ਅ |
| ਛੀ | ਣ | ਜ਼ | ਚ | ਵ | ਦੁੱ | ਬ |
| ਮਿ | ਰ | ਚ | ਦਾ | ਨ | ਧ | ਮ |
| ਘ | ਹ | ਜ਼ | ਣਾ | ਕ | ਘਾ | ਹ |


ਚਿੱਤਰ 7.2 ਭੋਜਨ ਲੱਭ ਪਹੇਲੀ



ਮਿਰਚ

..................

..................







ਦੋਵੇਂ ਭੈਣਾਂ ਨਾਨੀ ਨਾਲ ਘਰ ਮੁੜ ਆਈਆਂ। ਰਾਤ ਦੀ ਰੋਟੀ ਤੋਂ ਬਾਅਦ ਉਹ ਕਹਾਣੀ ਸੁਨਣ ਦੀ ਜ਼ਿੱਦ ਕਰਨ ਲੱਗੀਆਂ। ਨਾਨੀ ਨੇ ਉਹਨਾਂ ਨੂੰ ਸ਼ਹਿਦ ਦੀ ਮੱਖੀ ਅਤੇ ਘੁੱਗੀ ਦੀ ਕਹਾਣੀ ਸੁਣਾਈ। ਕਹਾਣੀ ਸੁਣਦਿਆਂ-ਸੁਣਦਿਆਂ ਦੋਵੇਂ ਭੈਣਾਂ ਸੌਂ ਗਈਆਂ।



ਅਧਿਆਪਕ ਲਈ : ਅਧਿਆਪਕ ਬੱਚਿਆਂ ਨੂੰ ਕਹਾਣੀ ਸੁਣਾਵੇ ਅਤੇ ਜਾਨਵਰਾਂ ਸੰਬੰਧੀ ਹੋਰ ਕਹਾਣੀਆਂ ਘਰੋਂ ਸੁਨਣ ਲਈ ਕਹੇ। ਵਿਦਿਆਰਥੀਆਂ ਨੂੰ ਘਰੋਂ ਸੁਣੀਆਂ ਕਹਾਣੀਆਂ ਜਮਾਤ ਵਿੱਚ ਸੁਣਾਉਣ ਲਈ ਉਤਸ਼ਾਹਿਤ ਕਰੇ।

## ਸ਼ਹਿਦ ਦੀ ਮੱਖੀ ਅਤੇ ਘੁੱਗੀ

ਇੱਕ ਦਿਨ ਇੱਕ ਸ਼ਹਿਦ ਦੀ ਮੱਖੀ ਨਦੀ ਵਿੱਚ ਡਿੱਗ ਪਈ। ਨਦੀ ਕਿਨਾਰੇ ਦਰਖ਼ਤ ਉਤੇ ਇੱਕ ਘੁੱਗੀ ਬੈਠੀ ਸੀ। ਉਸਨੇ ਮੱਖੀ ਨੂੰ ਖਤਰੇ ਵਿੱਚ ਦੇਖਿਆ। ਉਸ ਨੇ ਇੱਕ ਪੱਤਾ ਤੋੜਿਆ। ਇਹ ਪੱਤਾ ਸ਼ਹਿਦ ਦੀ ਮੱਖੀ ਕੋਲ ਜਾ ਕੇ ਸੁੱਟ ਦਿੱਤਾ। ਸ਼ਹਿਦ ਦੀ ਮੱਖੀ ਪੱਤੇ ਉਤੇ ਬੈਠ ਗਈ। ਮੱਖੀ ਨੇ ਘੁੱਗੀ ਦਾ ਧੰਨਵਾਦ ਕੀਤਾ ਅਤੇ ਉੱਡ ਗਈ।

ਕੁੱਝ ਦਿਨ ਬਾਅਦ ਉਸ ਜੰਗਲ ਵਿੱਚ ਇੱਕ ਸ਼ਿਕਾਰੀ ਆਇਆ। ਉਸ ਨੇ ਘੁੱਗੀ ਨੂੰ ਦਰੱਖ਼ਤ ਉਤੇ ਬੈਠੇ ਦੇਖਿਆ ਅਤੇ ਬੰਦੂਕ ਨਾਲ ਘੁੱਗੀ ਵੱਲ ਨਿਸ਼ਾਨਾ ਲਗਾਇਆ। ਮੱਖੀ ਨੇ ਦੇਖਿਆ ਕਿ ਘੁੱਗੀ ਦੀ ਜਾਨ ਖ਼ਤਰੇ ਵਿਚ ਹੈ। ਉਸ ਨੇ ਸ਼ਿਕਾਰੀ ਦੇ ਹੱਥ ਉਤੇ ਡੰਗ ਮਾਰਿਆ। ਸ਼ਿਕਾਰੀ ਦਾ ਨਿਸ਼ਾਨਾ ਉੱਕ ਗਿਆ। ਘੁੱਗੀ ਬਚ ਗਈ। ਉਸ ਨੇ ਮੱਖੀ ਦਾ ਧੰਨਵਾਦ ਕੀਤਾ ਅਤੇ ਉੱਡ ਗਈ।

**ਕੀ ਇਹਨਾਂ ਵਿੱਚੋਂ ਤੁਹਾਨੂੰ ਵੀ ਕਿਸੇ ਨੇ ਡੰਗ ਮਾਰਿਆ ਹੈ। (✓) ਦਾ ਨਿਸ਼ਾਨ ਲਗਾਓ।**

ਮੱਛਰ ........ ਸ਼ਹਿਦ ਦੀ ਮੱਖੀ ........ ਭਰਿੰਡ ........

## ਕਿਰਿਆ : 3


ਸ਼ੇਰ ਤੇ ਚੂਹੇ ਦੀ ਕਹਾਣੀ ਨੂੰ ਦਿਲਚਸਪ ਤਰੀਕੇ ਨਾਲ ਮੁਖੌਟੇ ਪਹਿਨ ਕੇ ਪੇਸ਼ ਕੀਤਾ ਜਾ ਸਕਦਾ ਹੈ। ਬੱਚੇ ਇਹਨਾਂ ਮੁਖੌਟਿਆਂ ਨੂੰ ਬਨਾਉਣਾ ਤੇ ਰੰਗ ਭਰਨਾ ਪਸੰਦ ਕਰਨਗੇ। ਉਹਨਾਂ ਨੂੰ ਕਾਗਜ਼ ਕੱਟਣ ਵਿੱਚ ਅਧਿਆਪਕ ਦੀ ਮਦਦ ਦੀ ਲੋੜ ਪਵੇਗੀ।

| | |
|---|---|
| ਕਾਗਜ਼ ਦਾ ਇੱਕ ਟੁਕੜਾ ਲਓ ਅਤੇ ਪੈਨਸਿਲ ਨਾਲ ਇਸ ਦੇ ਉਪਰ ਇੱਕ ਵੱਡਾ ਚੱਕਰ ਬਣਾਓ ਹੁਣ ਇਸ ਉਪਰ ਸ਼ੇਰ ਦੇ ਕੰਨ, ਅੱਖਾਂ, ਬੁੱਲ ਅਤੇ ਦਾੜ੍ਹੀ ਬਣਾਉ। ਚਿਹਰਾ ਬਣਾ ਕੇ ਆਪਣੀ ਅਧਿਆਪਕ ਦੀ ਮਦਦ ਨਾਲ ਕੱਟੋ। |  |
| ਮੁਖੌਟੇ ਦੇ ਦੋਵੇਂ ਪਾਸੇ, ਵਿੱਚੋਂ ਦੀ ਧਾਗਾ ਲੰਘਾਉਣ ਲਈ ਦੋ ਛੋਟੀਆਂ ਮੋਰੀਆਂ ਕਰੋ। ਇਸ ਨਾਲ ਮੁਖੌਟਾ ਪਹਿਨਣ ਵਿੱਚ ਮਦਦ ਮਿਲੇਗੀ। ਹੁਣ ਇਸ ਵਿੱਚ ਰੰਗ ਭਰ ਲਵੋ। |  |
| ਇਸੇ ਤਰ੍ਹਾਂ ਚੌਰਸ ਕਾਗਜ਼ ਉਪਰ ਚੂਹੇ ਦਾ ਚਿਹਰਾ ਬਣਾਓ। ਇਸ ਨੂੰ ਅਧਿਆਪਕ ਦੀ ਮਦਦ ਨਾਲ ਕੱਟੋ, ਧਾਗਾ ਲਗਾਓ ਅਤੇ ਰੰਗ ਭਰੋ। |  |

ਚਿੱਤਰ 7.3 ਸ਼ੇਰ ਅਤੇ ਚੂਹੇ ਦਾ ਮੁਖੌਟਾ

ਦੀਪੀ ਅਤੇ ਗੋਗੀ ਨੇ ਨਾਨੀ ਦੇ ਪਿੰਡ ਬਹੁਤ ਸਾਰੇ ਜਾਨਵਰ ਵੇਖੇ। ਤੁਸੀਂ ਵੀ ਬਹੁਤ ਸਾਰੇ ਜਾਨਵਰ ਵੱਖ-ਵੱਖ ਥਾਵਾਂ ਉਤੇ ਵੇਖੇ ਹੋਣਗੇ।

**ਅਧਿਆਪਕ ਲਈ :** ਆਓ ਹੁਣ ਇੱਕ ਛੋਟੀ ਜਿਹੀ ਖੇਡ ਖੇਡੀਏ। ਕੀ ਤੁਸੀਂ ਚਿੱਤਰ ਵਿਚਲੇ ਜਾਨਵਰ ਕਿਤੇ ਵੇਖੇ ਹਨ? ਜੇ ਵੇਖੇ ਹਨ ਤਾਂ ਕਿਹੜਾ ਜਾਨਵਰ ਕਿੱਥੇ ਵੇਖਿਆ ਹੈ?



ਚਿੱਤਰ 7.4 ਵੱਖ ਵੱਖ ਜੰਤੂਆਂ ਦੇ ਚਿੱਤਰ

## ਕਿਰਿਆ : 4

ਉਹਨਾਂ ਜੰਤੂਆਂ ਦੀ ਸੂਚੀ ਬਣਾਓ ਜਿਹੜੇ ਤੁਹਾਡੇ ਨਾਲੋਂ ਵੱਡੇ ਅਤੇ ਛੋਟੇ ਹਨ।

| ਵੱਡੇ | ਛੋਟੇ |
|---|---|
| .......................... | .......................... |
| .......................... | .......................... |
| .......................... | .......................... |
| .......................... | .......................... |
| .......................... | .......................... |



ਪਿਆਰੇ ਬੱਚਿਓ! ਜਿਵੇਂ ਅਸੀਂ ਇੱਕ ਥਾਂ ਤੋਂ ਦੂਜੀ ਥਾਂ ਜਾਂਦੇ ਹਾਂ, ਜਾਨਵਰ ਵੀ ਜਾਂਦੇ ਹਨ। ਕੁੱਝ ਤੈਰਦੇ ਹਨ। ਕੁੱਝ ਉਡੱਦੇ ਹਨ। ਕੁੱਝ ਰੀਂਗਦੇ ਹਨ।




**ਅਧਿਆਪਕ ਲਈ :** ਅਧਿਆਪਕ ਵਿਦਿਆਰਥੀਆਂ ਨਾਲ ਰੀਂਗਣ ਵਾਲੇ ਜੰਤੂਆਂ ਬਾਰੇ ਵਿਸਥਾਰ ਪੂਰਵਕ ਚਰਚਾ ਕਰੇਗਾ।

? 1. ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਲਿਖੇ ਜਾਨਵਰ ਇੱਕ ਥਾਂ ਤੋਂ ਦੂਜੀ ਥਾਂ ਕਿਵੇਂ ਜਾਂਦੇ ਹਨ?

| | | |
|---|---|---|
| ਸੱਪ <u>ਰੀਂਗਦਾ ਹੈ</u>। | ਗਾਂ ........... | ਤੋਤਾ ........... |
| ਮੱਛੀ ........... | ਤਿੱਤਲੀ ........... | ਬੱਕਰੀ ........... |
| ਡੱਡੂ ........... | ਕੀੜੀ ........... | ਚਿੜੀ ........... |

ਤੁਸੀਂ ਜਾਣਦੇ ਹੋ ਕਿ ਜਾਨਵਰ ਕਈ ਤਰੀਕਿਆਂ ਨਾਲ ਇੱਕ ਦੂਜੇ ਨਾਲੋਂ ਵੱਖ ਹੁੰਦੇ ਹਨ। ਕਈਆਂ ਦੇ ਪੂੰਛ ਹੁੰਦੀ ਹੈ। ਕਈਆਂ ਦੇ ਲੱਤਾਂ ਹੁੰਦੀਆਂ ਹਨ। ਕਈਆਂ ਦੇ ਖੰਭ ਹੁੰਦੇ ਹਨ।

ਹੇਠਾਂ ਕੁੱਝ ਜੰਤੂਆਂ ਦੇ ਚਿੱਤਰ ਦਿੱਤੇ ਗਏ ਹਨ। ਚਿੱਤਰ ਵੇਖ ਕੇ ਦੱਸੋ ਕਿ ਹਰ ਇਕ ਜੰਤੂ ਦੀਆਂ ਕਿੰਨੀਆਂ ਲੱਤਾਂ ਹਨ।



ਚਿੱਤਰ 7.5 ਵੱਖ-ਵੱਖ ਜੰਤੂਆਂ ਦੀਆਂ ਲੱਤਾਂ

ਪਾਠ-8

# ਪੰਛੀਆਂ ਦੀ ਦੁਨੀਆ

ਅੱਜ ਜੰਗਲ ਵਿੱਚ ਬਹੁਤ ਰੌਣਕ ਸੀ। ਬਿਜੜੇ ਨੇ ਨਵਾਂ ਘਰ ਬਣਾਇਆ ਸੀ। ਸਾਰੇ ਪੰਛੀ ਉਸਦਾ ਆਲ੍ਹਣਾ ਦੇਖਣ ਆਏ ਸਨ। ਇਸ ਖ਼ੁਸ਼ੀ ਵਿੱਚ ਸਾਰਿਆਂ ਨੇ ਇੱਕ ਖੇਡ ਖੇਡੀ। ਸਾਰਿਆਂ ਨੇ ਆਪਣੇ ਬਾਰੇ ਗਾ ਕੇ ਦੱਸਿਆ। ਕੋਇਲ ਦਰੱਖ਼ਤ ਦੇ ਪੱਤਿਆਂ ਵਿੱਚ ਲੁਕੀ ਬੈਠੀ ਸੀ। ਪੰਛੀਆਂ ਨੇ ਉਸ ਨੂੰ ਹੀ ਸ਼ੁਰੂ ਕਰਨ ਲਈ ਕਿਹਾ। ਉਸ ਨੇ ਆਪਣੀ ਮਿੱਠੀ ਆਵਾਜ਼ ਵਿੱਚ ਕਿਹਾ -



ਚਿੱਤਰ 8.1 ਕੋਇਲ

ਮੈ ਕੋਇਲ ਰੰਗ ਦੀ ਕਾਲੀ,
ਚੜ੍ਹ ਬੈਠਾਂ ਅੰਬ ਦੀ ਡਾਲੀ।
ਮੇਰੀ ਕੂਕ ਹੀ ਮੇਰਾ ਗੀਤ,
ਬਣ ਜਾਵਾਂ ਸਭ ਦੀ ਮੀਤ।

ਤੋਤਾ ਮਿਰਚਾਂ ਖਾਣ ਵਿੱਚ ਰੁਝਿਆ ਹੋਇਆ ਸੀ। ਮੋਰ ਦੇ ਕਹਿਣ ਉੱਤੇ ਉਹ ਬੋਲਿਆ -

ਲਾਲ ਚੁੰਝ ਹਰੇ ਨੇ ਖੰਭ,
ਮਿਰਚ ਮੈਨੂੰ ਬੜੀ ਪਸੰਦ।
ਮਿੱਠੂ ਕਹਿ ਲੋਕ ਬੁਲਾਵਨ,
ਮਿੱਠੀ-ਮਿੱਠੀ ਚੂਰੀ ਪਾਵਨ।



ਚਿੱਤਰ 8.2 ਤੋਤਾ

ਇਸ ਤੋਂ ਅਗਲੀ ਵਾਰੀ ਮੋਰ ਦੀ ਸੀ। ਉਸ ਨੇ ਆਪਦੇ ਸੁੰਦਰ ਖੰਭ ਖਿਲਾਰਦਿਆਂ ਕਿਹਾ



ਚਿੱਤਰ 8.3 ਮੋਰ

ਸੁਹਣੇ ਖੰਭ ਸੁਹਣੀ ਤੋਰ,
ਸਿਰ ਤੇ ਕਲਗੀ ਮੈਂ ਹਾਂ ਮੋਰ।
ਕੁਹੂ-ਕੁਹੂ ਬੋਲਾਂ, ਪੈਲਾਂ ਪਾਵਾਂ,
ਸਭਨਾਂ ਦਾ ਮਨ ਪ੍ਰਚਾਵਾਂ।

ਕਾਂ ਵੀ ਆਪਣੇ ਬਾਰੇ ਦੱਸਣ ਲਈ ਕਾਹਲਾ ਸੀ। ਉਹ ਬੋਲਿਆ –

ਕਾਂ-ਕਾਂ ਬੋਲਾਂ ਮੈਂ ਹਾਂ ਕਾਂ,
ਉੱਚਾ ਉੱਡਾਂ ਸ਼ਹਿਰ ਗਰਾਂ।
ਏਨੀ ਫੁਰਤੀ ਹੱਥ ਨਾ ਆਵਾਂ,
ਅੱਖ ਝਪਕਦੇ ਹੀ ਉੱਡ ਜਾਵਾਂ।



ਚਿੱਤਰ 8.4 ਕਾਂ

ਕੁੱਕੜ ਵੀ ਆਪਣੇ ਆਪ ਨੂੰ ਕੁੱਝ ਘੱਟ ਨਹੀਂ ਸਮਝਦਾ ਸੀ। ਉਹ ਉੱਚੀ ਆਵਾਜ਼ ਵਿੱਚ ਬੋਲਿਆ –



ਚਿੱਤਰ 8.5 ਮੁਰਗਾ

ਸੁਹਣੀ ਕਲਗੀ ਰਾਜੇ ਵਾਂਗ,
ਤੜਕੇ ਉੱਠ ਕੇ ਦੇਵਾਂ ਬਾਂਗ।
ਜਾਗੋ ਹੁਣ ਹੋਇਆ ਸਵੇਰਾ,
ਰੌਸ਼ਨ ਹੋਇਆ ਚਾਰ ਚੁਫੇਰਾ।

ਸਾਰੇ ਬਹੁਤ ਖ਼ੁਸ਼ ਸਨ ਪਰ ਗਿਰਝ ਉਦਾਸ ਸੀ। ਉਸ ਨੇ ਆਪਣੀ ਉਦਾਸੀ ਦੱਸੀ-

ਸੁਣੋ ਸਾਥੀਓ ਮੇਰੀ ਦੁਹਾਈ,
ਲੋਕਾਂ ਸਾਡੀ ਨਸਲ ਮੁਕਾਈ।
ਸਾਫ਼ ਕਰਾਂ ਆਲਾ-ਦੁਆਲਾ,
ਚਾਹੇ ਗਰਮੀ ਚਾਹੇ ਪਾਲਾ।



ਚਿੱਤਰ 8.6 ਗਿਰਝ

ਉਸਦੀ ਉਦਾਸੀ ਦੂਰ ਕਰਨ ਲਈ ਸਾਰੇ ਪੰਛੀ ਉਸ ਕੋਲ ਆ ਗਏ। ਉਸ ਨੂੰ ਹੌਸਲਾ ਦੇਣ ਲੱਗੇ।




**ਅਧਿਆਪਕ ਲਈ** : ਅਧਿਆਪਕ ਜਮਾਤ ਵਿੱਚ ਚਰਚਾ ਕਰੇ ਕਿ ਗਿਰਝ ਉਦਾਸ ਕਿਉਂ ਸੀ? ਕੁੱਝ ਹੋਰ ਪੰਛੀਆਂ ਜਿਵੇਂ ਘਰੇਲੂ ਚਿੜੀ ਬਾਰੇ ਵੀ ਬੱਚਿਆਂ ਨਾਲ ਗੱਲਬਾਤ ਕੀਤੀ ਜਾਵੇ।

? ਜਦੋਂ ਕੋਈ ਤੁਹਾਡਾ ਸਾਥੀ ਉਦਾਸ ਹੁੰਦਾ ਹੈ ਤਾਂ ਉਸਦੀ ਉਦਾਸੀ ਦੂਰ ਕਰਨ ਲਈ ਤੁਸੀਂ ਕੀ ਕਰਦੇ ਹੋ?

**ਕਿਰਿਆ : 1**

ਚਿੱਤਰ 8.7 ਵਿੱਚ ਦਿੱਤੇ ਗਏ ਪੰਛੀਆਂ ਵਿੱਚੋਂ ਕੁੱਝ ਪੰਛੀ ਪਾਰਟੀ ਵਿੱਚ ਨਹੀਂ ਪਹੁੰਚੇ ਸਨ। ਉਹਨਾਂ ਨੂੰ ਪਛਾਣੋਂ ਅਤੇ ਰੰਗ ਭਰੋ।



ਚਿੱਤਰ 8.7 ਪੰਛੀਆਂ ਦੇ ਚਿੱਤਰ

ਪੰਛੀ ਵੱਖ-ਵੱਖ ਪ੍ਰਕਾਰ ਦਾ ਭੋਜਨ ਖਾਂਦੇ ਹਨ। ਕੁੱਝ ਅਨਾਜ ਖਾਂਦੇ ਹਨ, ਜਿਵੇਂ ਚਿੜੀ। ਕੁੱਝ ਫਲ ਖਾਂਦੇ ਹਨ, ਜਿਵੇਂ ਤੋਤਾ। ਕੁੱਝ ਕੀੜੇ-ਮਕੌੜੇ ਖਾਂਦੇ ਹਨ, ਜਿਵੇਂ ਚੱਕੀ ਰਾਹਾ।

ਕਿਰਿਆ : 2

ਉਪਰੋਕਤ ਤੋਂ ਇਲਾਵਾ ਤੁਸੀਂ ਜਿਹੜੇ-ਜਿਹੜੇ ਪੰਛੀ ਦੇਖੇ ਹਨ ਕੀ ਤੁਹਾਨੂੰ ਪਤਾ ਹੈ ਕਿ ਉਹ ਕੀ ਖਾਂਦੇ ਹਨ ? ਪੰਛੀਆਂ ਦੇ ਨਾਂ ਲਿਖੋ ਅਤੇ ਸਾਹਮਣੇ ਉਹਨਾਂ ਦਾ ਭੋਜਨ ਵੀ ਲਿਖੋ।

| ਪੰਛੀ ਦਾ ਨਾਂ | ਭੋਜਨ |
|---|---|
| .................... | .................................... |
| .................... | .................................... |

ਕਿਰਿਆ : 3

ਗਰਮੀਆਂ ਵਿੱਚ ਬਹੁਤ ਸਾਰੇ ਛੋਟੇ-ਛੋਟੇ ਪੰਛੀ ਪਿਆਸ ਨਾਲ ਮਰ ਜਾਂਦੇ ਹਨ। ਤੁਸੀਂ ਉਹਨਾਂ ਨੂੰ ਬਚਾ ਸਕਦੇ ਹੋ। ਕਿਸੇ ਖੁੱਲ੍ਹੇ ਮੂੰਹ ਵਾਲੇ ਬਰਤਨ ਵਿੱਚ ਪਾਣੀ ਪਾ ਕੇ ਆਪਣੇ ਘਰ ਦੀ ਛੱਤ ਜਾਂ ਵਰਾਂਡੇ ਵਿੱਚ ਰੱਖ ਦਿਓ।

1. ਤੁਸੀਂ ਦੇਖਿਆ ਹੀ ਹੋਵੇਗਾ ਕਿ ਪੰਛੀਆਂ ਦੇ ਖੰਭ ਬਹੁਤ ਸੁੰਦਰ ਹੁੰਦੇ ਹਨ। ਖੰਭ ਕਈ ਤਰ੍ਹਾਂ ਦੇ ਹੁੰਦੇ ਹਨ। ਇਹ ਪੰਛੀਆਂ ਲਈ ਬਹੁਤ ਫਾਇਦੇਮੰਦ ਹਨ। ਕੀ ਤੁਸੀਂ ਦੱਸ ਸਕਦੇ ਹੋ ਇਹ ਪੰਛੀਆਂ ਦੀ ਕਿਸ ਪ੍ਰਕਾਰ ਮਦਦ ਕਰਦੇ ਹਨ

(1) .................... (2) ....................

ਕਿਰਿਆ : 4

ਤੁਸੀਂ ਕਿਸੇ ਬਾਗ ਜਾਂ ਖੇਤ ਵਿੱਚ ਪੰਛੀਆਂ ਦੇ ਡਿੱਗੇ ਹੋਏ ਖੰਭ ਜ਼ਰੂਰ ਦੇਖੇ ਹੋਣਗੇ। ਡਿੱਗੇ ਹੋਏ ਖੰਭਾਂ ਨੂੰ ਇਕੱਠਾ ਕਰੋ। ਆਪਣੀ ਕਾਪੀ ਵਿੱਚ ਇਹਨਾਂ ਨੂੰ ਚਿਪਕਾਓ। ਸਾਹਮਣੇ ਉਸ ਪੰਛੀ ਦਾ ਨਾਂ ਲਿਖੋ, ਜਿਸਦਾ ਇਹ ਖੰਭ ਹੈ।

ਕਿਰਿਆ : 5

ਪੰਛੀਆਂ ਦੇ ਡਿੱਗੇ ਹੋਏ ਖੰਭਾਂ ਤੋਂ ਤੁਸੀਂ ਆਪਣੇ ਘਰ ਅਤੇ ਜਮਾਤ ਦੇ ਕਮਰੇ ਨੂੰ ਸਜਾ ਸਕਦੇ ਹੋ। ਇਸ ਤੋਂ ਬਿਨਾਂ ਜੇ ਕੋਈ ਹੋਰ ਤਰੀਕਾ ਤੁਹਾਨੂੰ ਆਉਂਦਾ ਹੈ ਤਾਂ ਜਮਾਤ ਵਿੱਚ ਉਸ ਬਾਰੇ ਗੱਲਬਾਤ ਕਰੋ।



ਚਿੱਤਰ 4.8 : ਖੰਭਾਂ ਤੋਂ ਕੀਤੀ ਜਾਣ ਵਾਲੀ ਸਜਾਵਟ

ਕਿਰਿਆ : 6

ਜਦੋਂ ਵੀ ਤੁਸੀਂ ਕੋਈ ਪੰਛੀ ਵੇਖੋ ਤਾਂ ਉਸ ਦੀ ਚੁੰਝ ਨੂੰ ਧਿਆਨ ਨਾਲ ਵੇਖੋ। ਕੀ ਸਭ ਪੰਛੀਆਂ ਦੀਆਂ ਚੁੰਝਾਂ ਇੱਕੋ ਜਿਹੀਆਂ ਹੁੰਦੀਆਂ ਹਨ?

ਕੀ ਤੁਸੀਂ ਵੇਖ ਕੇ ਪਛਾਣ ਸਕਦੇ ਹੋ ਕਿ ਇਹ ਚੁੰਝ ਕਿਸ ਪੰਛੀ ਦੀ ਹੈ? ਲੋੜ ਪੈਣ ਉੱਤੇ ਕਿਸੇ ਦੀ ਮਦਦ ਵੀ ਲੈ ਸਕਦੇ ਹੋ।



ਚਿੱਤਰ 8.9 ਵੱਖ-ਵੱਖ ਤਰ੍ਹਾਂ ਦੀਆਂ ਚੁੰਝਾਂ

**ਹੇਠਲੇ ਚਿੱਤਰਾਂ ਨੂੰ ਧਿਆਨ ਨਾਲ ਦੇਖੋ ਅਤੇ ਸੋਚੋ।**



(ੳ) (ਅ) (ੲ)

ਚਿੱਤਰ 8.10 ਗਰਦਨ ਘੁੰਮਾਉਂਦੇ ਪੰਛੀ

ਹਾਂ, ਬਿਲਕੁਲ ਠੀਕ ਸੋਚਿਆ ਤੁਸੀਂ। ਪੰਛੀ ਆਪਣੀ ਗਰਦਨ ਨੂੰ ਵੱਖ-ਵੱਖ ਤਰੀਕਿਆਂ ਨਾਲ ਘੁੰਮਾ ਸਕਦੇ ਹਨ। ਕੀ ਤੁਸੀਂ ਇਸ ਤਰ੍ਹਾਂ ਕਰ ਸਕਦੇ ਹੋ?

## ਸੁੰਦਰ ਪਿਆਰਾ ਘਰ

ਪੰਛੀ ਵੀ ਰਹਿਣ ਲਈ ਘਰ ਬਣਾਉਂਦੇ ਹਨ। ਜਿੰਨ੍ਹਾਂ ਨੂੰ ਆਲ੍ਹਣਾ ਕਹਿੰਦੇ ਹਾਂ। ਕੀ ਤੁਸੀ ਪਹਿਚਾਣ ਸਕਦੇ ਹੋ ਕਿ ਇਹ ਆਲ੍ਹਣੇ ਕਿੰਨ੍ਹਾਂ ਪੰਛੀਆਂ ਦੇ ਹਨ, ਜੇ ਹਾਂ ਤਾਂ ਇਹਨਾਂ ਦੇ ਨਾਂ ਲਿਖੋ।



ਚਿੱਤਰ 8.11 ਵੱਖ ਵੱਖ ਤਰ੍ਹਾਂ ਦੇ ਆਲ੍ਹਣੇ



**ਅਧਿਆਪਕ ਲਈ** : ਅਧਿਆਪਕ ਹੋਰ ਆਲ੍ਹਣਿਆਂ ਬਾਰੇ ਜਮਾਤ ਵਿੱਚ ਵਿਦਿਆਰਥੀਆਂ ਨਾਲ ਚਰਚਾ ਕਰੇਗਾ।

ਪਾਠ-9

# ਖਾਓ ਪੀਓ-ਮੌਜਾਂ ਮਾਣੋ

> ਕੱਚੇ-ਪੱਕੇ ਸੱਭ ਤਰ੍ਹਾਂ ਦੇ, ਭੋਜਨ ਲੋਕੀਂ ਖਾਣ,
> ਸਭ ਰਾਜਾਂ ਤੇ ਦੇਸ਼ਾਂ ਦੇ, ਵੱਖਰੇ-ਵੱਖਰੇ ਪੱਕਵਾਨ।
> ਉਬਾਲਣ, ਭੁੰਨਣ, ਤਲਣ ਨਾਲ ਹੋਰ ਸੁਆਦ ਮਾਣ,
> ਗੈਸਾਂ, ਚੁੱਲ੍ਹੇ, ਸੋਲਰ ਕੁੱਕਰ, ਸਭ ਤੇ ਲੋਕ ਪਕਾਣ।
> ਭਾਂਡੇ ਭੋਜਨ ਬਣਾਉਣ ਲਈ, ਕੰਮ ਕਈ ਸਾਡੇ ਆਣ,
> ਹਰ ਕਿਸੇ ਨੂੰ ਮਿਲੇ ਪੇਟ ਭਰ, ਤਾਂ ਹੀ ਲੋਕ ਕਮਾਣ।

ਸਕੂਲ ਵਿੱਚ ਪ੍ਰਾਰਥਨਾ ਹੋ ਰਹੀ ਸੀ। ਸਾਵਧਾਨ ਹਾਲਤ ਵਿੱਚ ਖੜ੍ਹੀ ਜੱਸੀ ਚੱਕਰ ਖਾ ਕੇ ਡਿੱਗ ਪਈ। ਅਧਿਆਪਕ ਨੇ ਬੱਚੀ ਨੂੰ ਸੰਭਾਲਿਆ ਅਤੇ ਕੁੱਝ ਸਮਾਂ ਆਰਾਮ ਕਰਨ ਦਿੱਤਾ। ਫਿਰ ਪੁੱਛਿਆ :

"ਬੇਟਾ! ਕੀ ਗੱਲ ਬਿਮਾਰ ਐਂ ? "

ਜੱਸੀ: "ਨਹੀਂ ਸਰ ਜੀ।"

ਅਧਿਆਪਕ : "ਸਵੇਰੇ ਨਾਸ਼ਤੇ ਵਿੱਚ ਕੀ ਖਾਧਾ ਏ ? "

ਜੱਸੀ : ਸਰ ਮੈਂ ਕੁੱਝ ਵੀ ਖਾ ਕੇ ਨਹੀਂ ਆਈ।

ਅਧਿਆਪਕ : "ਬਈ ਇਹ ਤਾਂ ਬੜੀ ਮਾੜੀ ਗੱਲ ਏ। ਤੁਹਾਨੂੰ ਸਵੇਰੇ ਜ਼ਰੂਰ ਪੇਟ ਭਰਕੇ ਖਾਣਾ ਚਾਹੀਦਾ ਏ।"



ਚਿੱਤਰ 9.1 ਬੇਹੋਸ਼ ਵਿਦਿਆਰਥਣ

"ਦੱਸ ਬੇਟਾ! ਹੁਣ ਕੀ ਖਾਣਾ ਏ ? " ਅਧਿਆਪਕ ਨੇ ਜੱਸੀ ਤੋਂ ਪੁੱਛਿਆ।

"ਸਰ! ਚੰਦੂ ਦੀ ਦੁਕਾਨ ਤੋਂ ਬਿਸਕੁਟ ਮੰਗਵਾ ਲਉ। ਉਸਦੀ ਬੇਕਰੀ ਤੇ ਬੜੇ ਸੁਆਦ ਬਿਸਕੁਟ ਬਣਦੇ ਨੇ।" ਅਚਾਨਕ ਹਰਪ੍ਰੀਤ ਬੋਲਿਆ।

"ਅੱਛਾ ਠੀਕ ਹੈ। ਨਾਲ ਇੱਕ ਗਲਾਸ ਦੁੱਧ ਵੀ ਜ਼ਰੂਰ ਲੈਕੇ ਆਇਓ। ਇਹ ਤੁਹਾਡੇ ਸਾਰਿਆਂ ਲਈ ਜ਼ਰੂਰੀ ਖੁਰਾਕ ਹੈ। ਦੁੱਧ ਤੁਹਾਨੂੰ ਸਭ ਨੂੰ ਰੋਜ਼ਾਨਾ ਜ਼ਰੂਰ ਪੀਣਾ ਚਾਹੀਦਾ ਹੈ। ਇਸ ਨਾਲ ਤੁਹਾਡੇ ਸਰੀਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ।" ਅਧਿਆਪਕ ਨੇ ਦੱਸਿਆ।

**?** ਜੱਸੀ ਨੂੰ ਚੱਕਰ ਕਿਉਂ ਆਇਆ ?

**?** ਅਧਿਆਪਕ ਨੇ ਸਾਰੇ ਬੱਚਿਆਂ ਨੂੰ ਦੁੱਧ ਪੀਣ ਲਈ ਕਿਉਂ ਕਿਹਾ ?



ਚਿੱਤਰ 9.2 ਦੁੱਧ - ਇੱਕ ਪੂਰਨ ਖੁਰਾਕ

### ਕਿਰਿਆ : 1

ਤੁਸੀਂ ਸਵੇਰ ਤੋਂ ਸ਼ਾਮ ਤੱਕ ਜੋ ਕੁੱਝ ਵੀ ਖਾਂਦੇ ਹੋ, ਉਸ ਬਾਰੇ ਹੇਠਾਂ ਲਿਖੋ :

| ਸਵੇਰ ਦਾ ਭੋਜਨ | ਦੁਪਹਿਰ ਦਾ ਭੋਜਨ | ਸ਼ਾਮ ਦਾ ਭੋਜਨ |
|---|---|---|
| .................... | .................... | .................... |
| .................... | .................... | .................... |
| .................... | .................... | .................... |

ਹਰਪ੍ਰੀਤ ਅਤੇ ਸਕੂਲ ਦੀ ਮਾਈ ਚੰਦੂ ਦੀ ਦੁਕਾਨ ਤੋਂ ਦੁੱਧ ਅਤੇ ਬਿਸਕੁਟ ਲੈ ਆਏ। ਹਰਪ੍ਰੀਤ ਨੇ ਆਪਣੇ ਸਾਥੀਆਂ ਨੂੰ ਦੱਸਿਆ ਕਿ ਬਾਜ਼ਾਰ ਵਿੱਚ ਉਨ੍ਹਾਂ ਨੇ ਬਹੁਤ ਸਾਰੀਆਂ ਖਾਣ ਦੀਆਂ ਚੀਜ਼ਾਂ ਵੇਖੀਆਂ। ਛੁੱਟੀ ਤੋਂ ਬਾਅਦ ਉਨ੍ਹਾਂ ਨੇ ਇਹ ਸਭ ਕੁਝ ਦੁਬਾਰਾ ਵੇਖਣ ਦੀ ਰਾਇ ਬਣਾਈ।



ਚਿੱਤਰ 9.3 ਫ਼ਲ ਤੋਂ ਫਰੂਟ-ਚਾਟ ਤੱਕ

(ੳ) ਫ਼ਲ (ਅ) ਜੂਸ (ੲ) ਆਈਸ-ਕਰੀਮ (ਸ) ਫ਼ਰੂਟ-ਚਾਟ

**?** ਕੁਝ ਅਜਿਹੀਆਂ ਖਾਣਯੋਗ ਵਸਤਾਂ ਦੇ ਨਾਂ ਲਿਖੋ ਜਿਹੜੀਆਂ ਕੱਚੀਆਂ ਖਾਧੀਆਂ ਜਾਂਦੀਆਂ ਹਨ।

1. ....................  2. ....................

3. ....................  4. ....................

ਰਸਤੇ ਵਿੱਚ ਉਨ੍ਹਾਂ ਨੇ ਕੁੱਝ ਭੋਜਨ ਵੇਖੇ, ਜਿਹੜੇ ਭੁੰਨਣ ਅਤੇ ਉਬਾਲਣ ਵਿਧੀਆਂ ਨਾਲ ਪਕਾਏ ਜਾ ਰਹੇ ਸਨ। ਪਕਾਉਣ ਲਈ ਬਰਤਨ ਲੋਹੇ ਦਾ ਬੱਠਲ ਅਤੇ ਪਤੀਲਾ ਰੱਖੇ ਹੋਏ ਸਨ :—

ਪਕਾਉਣ ਦੀ ਵਿਧੀ : ....................

ਪਕਾਉਣ ਵਾਲਾ ਬਰਤਨ : ..............





ਚਿੱਤਰ 9.4 ਛੱਲੀਆਂ ਖਾਣ ਲਈ ਤਿਆਰ ਹਨ

ਪਕਾਉਣ ਦੀ ਵਿਧੀ : ....................

ਪਕਾਉਣ ਵਾਲਾ ਬਰਤਨ : ..............





ਚਿੱਤਰ 9.5 ਅੰਡੇ ਪੱਕਦੇ ਹੋਏ

ਛੁੱਟੀ ਹੋਣ ਤੋਂ ਬਾਅਦ ਉਹ ਸਾਰੇ ਇੱਕ ਵੱਡੀ ਦੁਕਾਨ ਤੇ ਪਹੁੰਚ ਗਏ। ਦੁਕਾਨ ਵਿੱਚ ਢਾਬਾ ਅਤੇ ਬੇਕਰੀ ਚੱਲ ਰਹੀ ਸੀ ਅਤੇ ਬਣਾਏ ਜਾਣ ਵਾਲੇ ਪਕਵਾਨ ਬੇਕਿੰਗ, ਤਲਣ ਅਤੇ ਭਾਫ਼ ਰਾਹੀਂ ਪਕਾਏ ਜਾ ਰਹੇ ਸਨ। ਪਕਾਉਣ ਲਈ ਪਤੀਲਾ, ਲੋਹੇ ਦੀ ਟਰੇਅ, ਕੜਾਹੀ, ਪ੍ਰੈਸ਼ਰ-ਕੁੱਕਰ ਅਤੇ ਦੇਗ ਵਰਗੇ ਬਰਤਨ ਰੱਖੇ ਹੋਏ ਸਨ :—

ਪਕਾਉਣ ਦੀ ਵਿਧੀ : ....................

ਪਕਾਉਣ ਵਾਲਾ ਬਰਤਨ : ..............





ਚਿੱਤਰ 9.6 ਬੇਕਰੀ ਦਾ ਦ੍ਰਿਸ਼

ਪਕਾਉਣ ਦੀ ਵਿਧੀ : ....................

ਪਕਾਉਣ ਵਾਲਾ ਬਰਤਨ : ..............



ਚਿੱਤਰ 9.7 ਪੂਰੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ

ਪਕਾਉਣ ਦੀ ਵਿਧੀ : ....................

ਪਕਾਉਣ ਵਾਲਾ ਬਰਤਨ : ..............



ਚਿੱਤਰ 9.8 ਸਬਜ਼ੀ ਤਿਆਰ ਕੀਤੀ ਜਾ ਰਹੀ ਹੈ

ਤਸਵੀਰਾਂ ਨੂੰ ਦੇਖ ਕੇ ਹੇਠਾਂ ਦਿੱਤੀ ਜਗ੍ਹਾ ਵਿੱਚ ਬਾਲਣ ਅਤੇ ਚੁੱਲ੍ਹੇ ਦਾ ਨਾਂ ਲਿਖੋ :—



| | | | | | |
|---|---|---|---|---|---|
| ਬਾਲਣ | .............. | .............. | .............. | .............. | .............. |
| ਚੁੱਲ੍ਹਾ | .............. | .............. | .............. | .............. | .............. |

ਚਿੱਤਰ 9.9 ਭੋਜਨ ਤਿਆਰ ਕਰਨ ਦੇ ਵੱਖ-ਵੱਖ ਸਾਧਨ

## ਕਿਰਿਆ : 2

ਆਪਣੀ ਰਸੋਈ ਵਿੱਚ ਪਏ ਖਾਣਾ ਪਕਾਉਣ ਦੇ ਬਰਤਨਾਂ ਨੂੰ ਧਿਆਨ ਨਾਲ ਵੇਖੋ। ਹੇਠਾਂ ਉਨ੍ਹਾਂ ਦੇ ਨਾਂ ਲਿਖੋ :—

? 1 - ਕੁੱਝ ਭੋਜਨਾਂ ਦੇ ਨਾਂ ਲਿਖੋ, ਜਿਹੜੇ ਸਿਰਫ਼ ਪਕਾ ਕੇ ਖਾਧੇ ਜਾ ਸਕਦੇ ਹਨ।

.................... .................... .................... ....................

? 2 - ਕੀ ਹਰ ਤਰ੍ਹਾਂ ਦੇ ਭੋਜਨ ਨੂੰ ਪਕਾਉਣ ਲਈ ਪਾਣੀ ਲੋੜੀਂਦਾ ਹੈ?

ਜੇਕਰ ਨਹੀਂ ਤਾਂ ਕਿਹੜੇ ਭੋਜਨ ਲਈ? (ਤੁਸੀਂ ਆਪਣੇ ਮਾਤਾ ਜੀ ਦੀ ਸਹਾਇਤਾ ਵੀ ਲੈ ਸਕਦੇ ਹੋ)।

..............................................................................................

ਫਿਰ ਬੱਚਿਆਂ ਨੇ ਇੱਕ ਹੋਰ ਬਹੁਤ ਵੱਡੀ ਦੁਕਾਨ ਵੇਖੀ। ਇਸ ਦੁਕਾਨ ਵਿੱਚ ਤਰ੍ਹਾਂ-ਤਰ੍ਹਾਂ ਦੇ ਭੋਜਨ ਸਨ। ਬੱਚੇ ਇਸ ਦੁਕਾਨ ਵਿੱਚ ਚਲੇ ਗਏ। ਇੱਥੇ ਉਨ੍ਹਾਂ ਨੇ ਕਈ ਨਵੇਂ ਪਕਵਾਨ ਵੇਖੇ :—



ਚਿੱਤਰ 9.10 ਵੱਖ ਵੱਖ ਰਾਜਾਂ ਦੇ ਭੋਜਨ

1. ਚਾਵਲ-ਮੱਛੀ (ਬੰਗਾਲੀ ਭੋਜਨ), 2. ਢੋਕਲਾ (ਗੁਜਰਾਤੀ ਭੋਜਨ), 3. ਉਤਪਮ (ਦੱਖਣੀ ਭਾਰਤ)
4. ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ (ਪੰਜਾਬ) 5. ਚਾਟੀ ਦੀ ਲੱਸੀ (ਪੰਜਾਬ)

ਤੁਸੀਂ ਪਾਠ ਵਿੱਚ ਵੱਖ-ਵੱਖ ਰਾਜਾਂ ਦੇ ਜਿਹੜੇ ਭੋਜਨਾਂ ਬਾਰੇ ਪੜ੍ਹਿਆ ਹੈ, ਉਨ੍ਹਾਂ ਦੇ ਨਾਂ ਲਿਖੋ :—

| ਰਾਜ | ਭੋਜਨ |
| --- | --- |
| ................ | ......................... |
| ................ | ......................... |
| ................ | ......................... |
| ................ | ......................... |
| ................ | ......................... |

## ਕਿਰਿਆ : 3

ਤੁਹਾਨੂੰ ਕਿਹੜਾ ਪਕਵਾਨ ਸਭ ਤੋਂ ਵੱਧ ਪਸੰਦ ਹੈ? ਉਸ ਨੂੰ ਤਿਆਰ ਕਰਨ ਲਈ ਲੋੜੀਂਦੀਆਂ ਚੀਜ਼ਾਂ ਬਾਰੇ ਲਿਖੋ।

ਪਕਵਾਨ : ..........................................

ਪਕਵਾਨ ਤਿਆਰ ਕਰਨ ਲਈ ਵਰਤੀ ਜਾਣ ਵਾਲੀ ਸਮੱਗਰੀ :

..................................................................................................

..................................................................................................

ਬੱਚਿਆਂ ਨੇ ਆਪਣੀ-ਆਪਣੀ ਪਸੰਦ ਦੇ ਭੋਜਨ ਖਰੀਦੇ। ਉਹ ਇਨ੍ਹਾਂ ਭੋਜਨ ਪਦਾਰਥਾਂ ਨੂੰ ਦੇਖ ਕੇ ਹੈਰਾਨ ਹੋ ਰਹੇ ਸਨ ਅਤੇ ਇਨ੍ਹਾਂ ਭੋਜਨ-ਪਦਾਰਥਾਂ ਲਈ ਵਰਤੀ ਗਈ ਸਮੱਗਰੀ ਬਾਰੇ ਗੱਲਾਂ ਕਰਦੇ ਘਰ ਆ ਗਏ।

ਪਾਠ-10

# ਕਰੀਏ ਸੇਵਾ-ਪਾਈਏ ਮੇਵਾ

ਪਾਲਤੂ ਭਾਵੇਂ ਜੰਗਲੀ ਜੀਵ, ਸਾਰੇ ਸਾਡੇ ਬਹੁਤ ਕਰੀਬ।
ਪਾਲਤੂਆਂ ਨੂੰ ਆਪ ਖੁਆਈਏ, ਜੰਗਲੀਆਂ ਨੂੰ ਅਸੀਂ ਬਚਾਈਏ।
ਜੰਗਲੀ ਵੀ ਤਾਂ ਕੰਮ ਨੇ ਆਉਂਦੇ, ਆਪਣੇ ਬੱਚੇ ਆਪ ਰਜਾਉਂਦੇ।

ਪ੍ਰੀਤੀ ਦੇ ਪਰਿਵਾਰ ਵਿੱਚ ਕਈ ਪਾਲਤੂ ਜਾਨਵਰ ਹਨ। ਇਨ੍ਹਾਂ ਜਾਨਵਰਾਂ ਤੋਂ ਉਨ੍ਹਾਂ ਨੂੰ ਦੁੱਧ, ਅੰਡੇ, ਮੀਟ ਅਤੇ ਘਰ ਦੀ ਰਖਵਾਲੀ ਵਰਗੇ ਫਾਇਦੇ ਮਿਲਦੇ ਹਨ।

ਸਵੇਰੇ ਉੱਠ ਕੇ ਪ੍ਰੀਤੀ ਦੇ ਮੰਮੀ ਪਸ਼ੂਆਂ ਦੇ ਸ਼ੈੱਡ ਵੱਲ ਗਏ। ਉਹ ਪਸ਼ੂਆਂ ਨੂੰ ਪਾਣੀ ਪਿਲਾਉਂਦੇ ਅਤੇ ਨਹਾਉਂਦੇ ਹਨ। ਉਨ੍ਹਾਂ ਨੂੰ ਹਰਾ-ਚਾਰਾ ਪਾਉਂਦੇ ਅਤੇ ਸ਼ੈੱਡ ਦੇ ਫਰਸ਼ ਦੀ ਸਫਾਈ ਕਰਦੇ ਹਨ। ਲੋੜ ਸਮੇਂ ਡਾਕਟਰੀ ਇਲਾਜ ਵੀ ਕਰਵਾਇਆ ਜਾਂਦਾ ਹੈ।



ਚਿੱਤਰ 10.1 ਘਰ ਵਿੱਚ ਪਸ਼ੂਆਂ ਦੀ ਦੇਖਭਾਲ

ਚਿੱਤਰ ਨੂੰ ਧਿਆਨ ਨਾਲ ਵੇਖੋ ਅਤੇ ਲਿਖੋ ਕਿ ਪ੍ਰੀਤੀ ਦੇ ਮੰਮੀ, ਪਾਲਤੂ ਪਸ਼ੂਆਂ ਦੀ ਦੇਖਭਾਲ ਲਈ ਕੀ ਕੁੱਝ ਕਰਦੇ ਹਨ?

1. ..................................................................................................

2. ..................................................................................................

3. ..................................................................................................

4. ..................................................................................................

ਪ੍ਰੀਤੀ ਨੇ ਵੀ ਮੁਰਗੀਆਂ ਦੇ ਖੁੱਡੇ ਨੂੰ ਜਾ ਖੋਲ੍ਹਿਆ। ਉਹ ਵੀ ਬੜੇ ਚਾਅ ਨਾਲ ਇਨ੍ਹਾਂ ਪਾਲਤੂ ਪੰਛੀਆਂ ਦੀ ਦੇਖਭਾਲ ਵਿੱਚ ਮਦਦ ਕਰਦੀ ਹੈ। ਪ੍ਰੀਤੀ ਦੇ ਮੰਮੀ ਪਾਪਾ ਮੁਰਗੀਆਂ ਲਈ ਸ਼ੈੱਡ ਵਿੱਚ ਰਹਿਣ ਦਾ, ਸਾਫ ਪਾਣੀ ਅਤੇ ਖੁਰਾਕ ਦਾ ਪ੍ਰਬੰਧ ਕਰਦੇ ਹਨ ਅਤੇ ਉਨ੍ਹਾਂ ਨੂੰ ਸਮੇਂ-ਸਮੇਂ ਦਵਾਈਆਂ ਅਤੇ ਟੀਕੇ ਵੀ ਲਗਵਾਉਂਦੇ ਹਨ।



ਚਿੱਤਰ 10.2 ਘਰ ਵਿੱਚ ਮੁਰਗੀਆਂ ਦੀ ਦੇਖਭਾਲ

ਚਿੱਤਰ ਨੂੰ ਧਿਆਨ ਨਾਲ ਵੇਖੋ ਅਤੇ ਲਿਖੋ ਕਿ ਪ੍ਰੀਤੀ ਦਾ ਪਰਿਵਾਰ, ਪਾਲਤੂ ਪੰਛੀਆਂ ਦੀ ਦੇਖਭਾਲ ਲਈ ਕੀ ਕੁੱਝ ਕਰਦਾ ਹੈ?

1. ..................................................................................................

2. ..................................................................................................

3. ..................................................................................................

4. ..................................................................................................

ਪ੍ਰੀਤੀ ਦੇ ਘਰ ਇੱਕ ਪਾਲਤੂ ਕੁੱਤਾ ਵੀ ਹੈ। ਉਹ ਉਸਨੂੰ ਉਚਿੱਤ ਸਮੇਂ ਤੇ ਭੋਜਣ ਦੇਣ, ਨਹਾਉਣ, ਵਾਲਾਂ ਦੀ ਸਫ਼ਾਈ ਅਤੇ ਟੀਕੇ ਲਗਵਾਉਣਾ ਨਹੀਂ ਭੁੱਲਦੇ।



ਚਿੱਤਰ 10.3 ਕੁੱਤੇ ਦੀ ਦੇਖਭਾਲ

ਚਿੱਤਰ ਤੋਂ ਸਮਝੋ ਅਤੇ ਲਿਖੋ ਕਿ ਪਾਲਤੂ ਕੁੱਤੇ ਦੀ ਦੇਖਭਾਲ ਲਈ ਕੀ ਕੁੱਝ ਕੀਤਾ ਜਾਂਦਾ ਹੈ?

1. ..........................................................................................

2. ..........................................................................................

3. ..........................................................................................

4. ..........................................................................................

ਪ੍ਰੀਤੀ ਦੇ ਪਰਿਵਾਰ ਨੂੰ ਹੇਠ ਲਿਖੇ ਜਾਨਵਰਾਂ ਤੋਂ ਕੀ ਫਾਇਦੇ ਮਿਲਦੇ ਹਨ :—

ਮੱਝ ..........................................................................................

ਮੁਰਗੀਆਂ ..........................................................................................

ਕੁੱਤਾ ..........................................................................................

ਕੀ ਤੁਹਾਡੇ ਘਰ ਵੀ ਕੋਈ ਪਾਲਤੂ ਜਾਨਵਰ ਹੈ? ਤੁਸੀਂ ਉਸ ਦੀ ਦੇਖਭਾਲ ਕਿਵੇਂ ਕਰਦੇ ਹੋ?

ਹੇਠਾਂ ਲਿਖੋ :—

..........................................................................................

..........................................................................................

..........................................................................................

ਪ੍ਰੀਤੀ ਪੰਛੀਆਂ ਵੱਲੋਂ ਵਾਪਸ ਆ ਕੇ ਕਮਰੇ ਵਿੱਚ ਵੜੀ ਤਾਂ ਇੱਕ ਬਿੱਲੀ ਅੰਦਰੋਂ ਭੱਜ ਕੇ ਬਾਹਰ ਆਈ। ਉਸ ਦੇ ਮੂੰਹ ਵਿੱਚ ਚੂਹਾ ਸੀ। ਪ੍ਰੀਤੀ ਦੀ ਚੀਖ ਨਿਕਲ ਗਈ।

"ਕੀ ਹੋ ਗਿਆ?" ਪ੍ਰੀਤੀ ਦੇ ਪਾਪਾ ਜੀ ਨੇ ਉੱਚੀ ਆਵਾਜ਼ ਵਿੱਚ ਪੁੱਛਿਆ।

ਪ੍ਰੀਤੀ :— "ਪਾਪਾ ਜੀ! ਮੈਂ ਤਾਂ ਡਰ ਹੀ ਗਈ ਸੀ। ਕਿਤੇ ਬਿੱਲੀ ਮੈਨੂੰ ਖਾ ਹੀ ਨਾ ਜਾਵੇ।"



ਚਿੱਤਰ 10.4 ਕੁੱਤਾ ਬਿੱਲੀ ਤੇ ਹਮਲਾ ਕਰਦਾ ਹੋਇਆ, ਬਿੱਲੀ ਚੂਹਾ ਫੜਦੀ ਹੋਈ

"ਖਾਣ ਨੂੰ ਕਿਹੜਾ ਇਹ ਸ਼ੇਰ ਸੀ। ਇਹ ਕੁੱਤੇ-ਬਿੱਲੀਆਂ ਤਾਂ ਚੂਹੇ-ਚਿੜੀਆਂ ਤੇ ਰੋਟੀ ਦੀਆਂ ਬੁਰਕੀਆਂ ਖਾ ਕੇ ਸਾਰ ਲੈਂਦੇ ਨੇ।" ਪਾਪਾ ਜੀ ਨੇ ਸਮਝਾਇਆ।

"ਪਾਪਾ ਜੀ! ਸ਼ੇਰ ਬੰਦੇ ਨੂੰ ਵੀ ਖਾ ਜਾਂਦੇ ?" ਪ੍ਰੀਤੀ ਨੇ ਹੈਰਾਨੀ ਨਾਲ ਪੁੱਛਿਆ।

ਪਾਪਾ ਜੀ :— "ਹਾਂ ਪੁੱਤ! ਇਹ ਸ਼ੇਰ-ਚੀਤੇ ਬੜੇ ਖਤਰਨਾਕ ਹੁੰਦੇ ਨੇ। ਇਨ੍ਹਾਂ ਨੇ ਤਾਂ ਸ਼ਿਕਾਰ ਕਰਕੇ ਮੀਟ ਖਾਣਾ ਹੁੰਦੈ।"

ਪ੍ਰੀਤੀ :— "ਪਾਪਾ ਜੀ। ਇਹ ਰਹਿੰਦੇ ਕਿੱਥੇ ਨੇ ? "



ਚਿੱਤਰ 10.5 ਜੰਗਲ ਵਿੱਚ ਜੰਗਲੀ ਜਾਨਵਰ

"ਜੰਗਲ ਵਿੱਚ ਹਿਰਨ, ਸ਼ੇਰ ਅਤੇ ਚੀਤੇ ਵਰਗੇ ਜਾਨਵਰ ਸਭ ਇਕੱਠੇ ਰਹਿ ਲੈਂਦੇ ਨੇ। ਹਿਰਨ ਜੰਗਲ ਵਿੱਚ ਘਾਹ ਖਾ ਕੇ ਅਤੇ ਸ਼ੇਰ-ਚੀਤੇ ਇਨ੍ਹਾਂ ਦਾ ਮੀਟ ਖਾ ਕੇ ਜਿਉਂਦੇ ਹਨ। ਇਹ ਆਪਣੀ ਅਤੇ ਆਪਣੇ ਬੱਚਿਆਂ ਦੀ ਦੇਖਭਾਲ ਖੁਦ ਕਰਦੇ ਹਨ। ਫਿਰ ਵੀ ਸਾਨੂੰ ਇਨ੍ਹਾਂ ਸਭ ਦਾ ਫਾਇਦਾ ਹੀ ਹੈ।"

ਇਸ ਲਈ ਸਾਨੂੰ ਜੰਗਲੀ ਜਾਨਵਰਾਂ ਨੂੰ ਮਾਰਨਾ ਨਹੀਂ ਚਾਹੀਦਾ, ਸਗੋਂ ਉਹਨਾਂ ਦੀ ਹਮੇਸ਼ਾ ਸੁਰੱਖਿਅਤ ਰਹਿਣ ਵਿੱਚ ਮਦਦ ਕਰਨੀ ਚਾਹੀਦੀ ਹੈ। ਪਾਪਾ ਜੀ ਨੇ ਫਿਰ ਸਮਝਾਇਆ।

ਹੇਠ ਲਿਖੇ ਜਾਨਵਰਾਂ ਦੇ ਭੋਜਨ ਬਾਰੇ ਲਿਖੋ :—

1. ਬਿੱਲੀ ..................................................

2. ਸ਼ੇਰ ..................................................

3. ਹਿਰਨ ..................................................

4. ਹਾਥੀ ..................................................

ਉਪਰੋਕਤ ਜਾਨਵਰਾਂ ਤੋਂ ਬਿਨਾਂ ਤੁਸੀਂ ਜਿੰਨ੍ਹਾਂ ਹੋਰ ਜਾਨਵਰਾਂ ਬਾਰੇ ਜਾਣਦੇ ਹੋ, ਉਹਨਾਂ ਦੇ ਨਾਂ ਲਿਖੋ :—

..................................................

..................................................

..................................................

..................................................

ਕਿਰਿਆ : 1

ਆਪਣੇ ਅਧਿਆਪਕ ਜਾਂ ਮਾਤਾ-ਪਿਤਾ ਜੀ ਨਾਲ ਨੇੜੇ ਦੇ ਕਿਸੇ ਚਿੜੀਆ-ਘਰ ਦੀ ਸੈਰ ਕਰੋ ਅਤੇ ਜਾਨਵਰਾਂ ਬਾਰੇ ਹੋਰ ਜਾਣਕਾਰੀ ਹਾਸਲ ਕਰੋ।

ਦੁਪਹਿਰ ਵੇਲੇ ਪ੍ਰੀਤੀ ਅਤੇ ਉਸ ਦੀ ਮੰਮੀ, ਖੇਤ ਵਿੱਚ ਕੰਮ ਕਰਦੇ ਪ੍ਰੀਤੀ ਦੇ ਪਾਪਾ ਨੂੰ ਚਾਹ ਦੇਣ ਗਈਆਂ। ਉਥੇ ਪ੍ਰੀਤੀ ਨੇ ਬਹੁਤ ਸਾਰੀਆਂ ਸ਼ਬਜ਼ੀਆਂ, ਫ਼ਲ ਅਤੇ ਅਨਾਜ ਵੇਖੇ :—



1 2 3 4

ਚਿੱਤਰ 10.6 ਕੁੱਝ ਖੁਰਾਕੀ-ਫਸਲਾਂ:- 1. ਕਣਕ, 2. ਟਮਾਟਰ, 3. ਗੰਨਾ, 4. ਪਾਲਕ

ਪ੍ਰੀਤੀ ਦੇ ਪੁੱਛਣ ਤੇ ਪਾਪਾ ਨੇ ਦੱਸਿਆ ਕੇ ਇਨ੍ਹਾਂ ਵਿੱਚੋਂ ਕਿਸੇ ਦੀ ਜੜ੍ਹ, ਪੱਤੇ, ਤਣਾ, ਫੁੱਲ, ਬੀਜ ਅਤੇ ਕਿਸੇ ਦੇ ਫ਼ਲ ਖਾਧੇ ਜਾਂਦੇ ਹਨ।

ਹੇਠਾਂ ਕੁੱਝ ਪੌਦਿਆਂ ਦੇ ਚਿੱਤਰ ਅਤੇ ਉਨਾਂ ਦਾ ਜੋ ਭਾਗ ਅਸੀਂ ਖਾਂਦੇ ਹਾਂ ਉਨ੍ਹਾਂ ਦਾ ਨਾਂ ਦਿੱਤਾ ਗਿਆ ਹੈ। ਖਾਲੀ ਥਾਂ ਵਿੱਚ ਅਜਿਹੇ ਹੋਰ ਪੌਦਿਆਂ ਦੇ ਨਾਂ ਲਿਖੋ :—

ਜੜ੍ਹ ਤਣਾ ਪੱਤੇ ਫਲ ਬੀਜ



ਚਿੱਤਰ 10.7 ਪੌਦਿਆਂ ਦੇ ਖਾਣ-ਯੋਗ ਹਿੱਸੇ

| ਗਾਜਰ | ਗੰਨਾ | ਪਾਲਕ | ਟਮਾਟਰ | ਕਣਕ |
|---|---|---|---|---|
| ............... | ............... | ............... | ............... | ............... |
| ............... | ............... | ............... | ............... | ............... |

ਸ਼ਾਮ ਨੂੰ ਪ੍ਰੀਤੀ ਦੇ ਪਾਪਾ ਨੇ ਗਾਜਰਾਂ ਲਿਆਂਦੀਆਂ। ਨਲਕੇ ਤੋਂ ਧੋ ਕੇ ਖਾਂਦੇ ਹੋਏ ਪਾਪਾ ਨੇ ਪ੍ਰੀਤੀ ਨੂੰ ਕਿਹਾ, "ਲੈ ਆਪ ਵੀ ਖਾ ਲੈ ਅਤੇ ਤੇਰੀ ਮੰਮੀ ਨੂੰ ਵੀ ਦੇ ਦੇ। ਬਾਪੂ ਜੀ ਦੇ ਤਾਂ ਦੰਦ ਨਹੀਂ। ਇਸ ਲਈ ਉਨ੍ਹਾਂ ਤੋਂ ਤਾਂ ਸਖਤ ਕੱਚੀਆਂ ਗਾਜਰਾਂ ਖਾਧੀਆਂ ਨਹੀਂ ਜਾਣੀਆਂ।"

ਪ੍ਰੀਤੀ ਨੇ ਹੈਰਾਨੀ ਨਾਲ ਪੁੱਛਿਆ, "ਪਾਪਾ ਜੀ! ਦਾਦਾ ਜੀ ਦੇ ਤਾਂ ਦੰਦ ਨਹੀਂ ਅਤੇ ਉਨ੍ਹਾਂ ਨੂੰ ਬੈਠੇ ਰਹਿਣ ਕਾਰਨ ਵੀ ਘੱਟ ਹਜ਼ਮ ਹੁੰਦਾ ਹੈ। ਮੰਮੀ ਦੀ ਖੁਰਾਕ ਕਿਉਂ ਤੁਹਾਡੇ ਨਾਲੋਂ ਘੱਟ ਹੈ। ਨਾਲੇ ਛੋਟੀ ਭੈਣ ਤਾਂ ਇਕੱਲਾ ਦੁੱਧ ਹੀ ਪੀਂਦੀ ਹੈ। ਮੈਨੂੰ ਸਾਰਾ ਦਿਨ ਹੀ ਭੁੱਖ ਲੱਗਦੀ ਰਹਿੰਦੀ ਹੈ।"

"ਪੁੱਤਰ! ਔਰਤ ਦੀ ਖੁਰਾਕ ਆਦਮੀ ਨਾਲੋਂ ਘੱਟ ਹੁੰਦੀ ਹੈ। ਪ੍ਰੰਤੂ ਜਿਹੜੀਆਂ ਔਰਤਾਂ ਵੱਧ ਸਰੀਰਕ ਮਿਹਨਤ ਕਰਦੀਆਂ ਹਨ ਉਨ੍ਹਾਂ ਨੂੰ ਵੱਧ ਖੁਰਾਕ ਦੀ ਲੋੜ ਹੁੰਦੀ ਹੈ। ਤੇਰੀ ਹੁਣ ਵਧਣ ਦੀ ਉਮਰ ਹੈ, ਇਸ ਲਈ ਤੈਨੂੰ ਜ਼ਿਆਦਾ ਖੁਰਾਕ ਦੀ ਜ਼ਰੂਰਤ ਹੈ।

ਛੋਟੇ ਬੱਚੇ ਦਾ ਇਕੋ-ਇੱਕ ਖਾਣਾ ਮਾਂ ਦਾ ਦੁੱਧ ਹੁੰਦਾ ਹੈ। ਤੇਰੀ ਭੈਣ ਜਦੋਂ ਵੱਡੀ ਹੋ ਜਾਵੇਗੀ, ਤਾਂ ਤੇਰੇ ਵਾਂਗ ਸਭ ਕੁੱਝ ਖਾਇਆ ਕਰੇਗੀ।

? 1. ਪ੍ਰੀਤੀ ਦੇ ਮੰਮੀ ਦੀ ਖੁਰਾਕ ਉਸ ਦੇ ਪਾਪਾ ਤੋਂ ਘੱਟ ਕਿਉਂ ਹੈ?

? 2. ਪ੍ਰੀਤੀ ਦੇ ਦਾਦਾ ਜੀ ਜ਼ਿਆਦਾ ਕਿਉਂ ਨਹੀਂ ਖਾ ਸਕਦੇ?

? 3. ਸਕੂਲ ਜਾਣ ਦੀ ਉਮਰ ਵਿਚ ਬੱਚਿਆਂ ਨੂੰ ਕਾਫ਼ੀ ਸਾਰਾ ਭੋਜਨ ਕਿਉਂ ਖਾਣਾ ਚਾਹੀਦਾ ਹੈ ?

ਪਾਠ-11

# ਗੁੱਡੀ ਦਾ ਘਰ

"ਭੋਲੀ! ਤੂੰ ਇੱਥੇ ਬੈਠੀ ਕੀ ਕਰਦੀ ਏਂ ?" ਪੱਪੂ ਨੇ ਪੁੱਛਿਆ। "ਵੀਰੇ! ਵੀਰੇ! ਮੈਂ ਘਰ ਬਣਾ ਰਹੀ ਹਾਂ", ਭੋਲੀ ਨੇ ਜਵਾਬ ਦਿੱਤਾ। ਭੋਲੀ ਘਰ ਦੇ ਨੇੜੇ ਹੀ ਰੇਤੇ ਦੇ ਢੇਰ ਉੱਤੇ ਖੇਡ ਰਹੀ ਸੀ। ਪੱਪੂ ਨੇ ਅੱਗਿਉਂ ਪੁੱਛਿਆ, "ਤੂੰ ਕਿਹਦੇ ਲਈ ਘਰ ਬਣਾ ਰਹੀਂ ਏਂ? ਤੁਹਾਡਾ ਘਰ ਤਾਂ ਪਹਿਲਾਂ ਹੀ ਬਹੁਤ ਸੁੰਦਰ ਬਣਿਆ ਹੋਇਆ ਏ।"



ਚਿੱਤਰ 11.1 ਘਰ ਬਣਾਉਂਦੀ ਭੋਲੀ

"ਇਹ ਘਰ ਮੈਂ ਆਪਣੀ ਗੁੱਡੀ ਲਈ ਬਣਾ ਰਹੀ ਹਾਂ।" ਉਹ ਹੱਸ ਪਿਆ, "ਗੁੱਡੀ ਲਈ ਘਰ। ਹੀਂ ਹੀਂ ਹੀਂ ਗੁੱਡੀ ਲਈ ਵੀ ਘਰ ਹੁੰਦਾ ਏ?" "ਗੁੱਡੀ ਦਾ ਘਰ ਕਿਉਂ ਨਹੀਂ ਹੋ ਸਕਦਾ? ਮੇਰੀ ਗੁੱਡੀ ਬਾਰਸ਼ ਵਿੱਚ ਭਿੱਜ ਨਹੀਂ ਜਾਵੇਗੀ? "

"ਮੈਂ ਆਪਣੀ ਗੁੱਡੀ ਨੂੰ ਹਨ੍ਹੇਰੀ, ਸਰਦੀ ਤੇ ਮੀਂਹ ਤੋਂ ਬਚਾਉਣ ਲਈ ਘਰ ਬਣਾ ਰਹੀ ਹਾਂ। ਸਾਨੂੰ ਸਾਰਿਆਂ ਨੂੰ ਰਹਿਣ ਲਈ ਘਰ ਦੀ ਲੋੜ ਹੈ। ਇਹ ਨਿਵਾਸ-ਸਥਾਨ ਹੀ ਸਾਨੂੰ ਗਰਮੀ, ਵਰਖਾ ਅਤੇ ਹਨ੍ਹੇਰੀ ਤੋਂ ਬਚਾਉਂਦਾ ਹੈ।"

"ਹਾਂ ਭੋਲੀ, ਗੱਲ ਤਾਂ ਤੇਰੀ ਠੀਕ ਹੈ। ਜੇ ਘਰ ਨਹੀਂ ਹੋਵੇਗਾ ਤਾਂ ਸਾਡੀ ਗੁੱਡੀ ਚੋਰੀ ਵੀ ਤਾਂ ਹੋ ਸਕਦੀ ਏ।" ਪੱਪੂ ਵੀ ਭੋਲੀ ਦੇ ਨਾਲ ਖੇਡਣ ਲੱਗ ਪਿਆ। ਉਹਨ੍ਹਾਂ ਨੇ ਘਰ ਦੇ ਅੱਗੇ ਗੰਦੇ ਪਾਣੀ ਦੇ ਨਿਕਾਸ ਲਈ ਨਾਲੀ ਬਣਾ ਦਿੱਤੀ। ਘਰ ਦਾ ਕੂੜਾ-ਕਰਕਟ ਸੁੱਟਣ ਲਈ ਇੱਕ ਟੋਆ ਵੀ ਪੁੱਟ ਦਿੱਤਾ।

### ਕਿਰਿਆ : 1

ਸਾਰੇ ਵਿਦਿਆਰਥੀਆਂ ਨੂੰ ਆਪਣੇ-ਆਪਣੇ ਘਰਾਂ ਦੇ ਚਿੱਤਰ ਜਾਂ ਮਿੱਟੀ ਦੇ ਘਰ ਬਣਾਉਣ ਲਈ ਕਿਹਾ ਜਾਵੇਗਾ।

## ਕਿਰਿਆ : 2

ਵਿਦਿਆਰਥੀ ਆਪਣੇ-ਆਪਣੇ ਘਰ ਦੇ ਕਮਰਿਆਂ, ਖਿੜਕੀਆਂ ਅਤੇ ਦਰਵਾਜਿਆਂ ਦੀ ਗਿਣਤੀ ਨੋਟ ਕਰਕੇ ਲਿਆਉਣਗੇ।

? 1. ਸਾਨੂੰ ਘਰ ਦੀ ਲੋੜ ਕਿਉਂ ਹੈ?

? 2. ਤੁਸੀਂ ਆਪਣੇ ਘਰ ਦਾ ਕੂੜਾ-ਕਰਕਟ ਕਿੱਥੇ ਸੁੱਟਦੇ ਹੋ ?

ਅਧਿਆਪਕ ਲਈ :– ਘਰ ਦੀ ਸਜਾਵਟ ਅਤੇ ਘਰ ਬਾਰੇ ਹੋਰ ਜਾਣਕਾਰੀ ਅਧਿਆਪਕ ਜਮਾਤ ਵਿੱਚ ਦੇਣਗੇ, ਜਿਵੇਂ :–

1. ਕੱਚੇ-ਪੱਕੇ ਘਰਾਂ ਦੀ ਸਜਾਵਟ ਬਾਰੇ।
2. ਮਕਾਨ ਵਿੱਚ ਖਿੜਕੀਆਂ ਤੇ ਰੋਸ਼ਨਦਾਨਾਂ ਦੀ ਜ਼ਰੂਰਤ ਬਾਰੇ।

ਬੱਚਿਓ! ਤੁਸੀਂ ਇੱਥੇ ਕੀ ਕਰਦੇ ਹੋ ? ਬਚਨੇ ਤਾਏ ਨੇ ਖੇਤਾਂ ਤੋਂ ਆਉਂਦੇ ਹੋਏ ਭੋਲੀ ਅਤੇ ਪੱਪੂ ਨੂੰ ਪੁੱਛਿਆ।

"ਤਾਇਆ ਜੀ! ਅਸੀਂ ਆਪਣੀ ਗੁੱਡੀ ਲਈ ਘਰ ਬਣਾਇਆ ਹੈ।" ਭੋਲੀ ਨੇ ਆਖਿਆ।

"ਸ਼ਾਬਾਸ਼ ਓਏ ਸ਼ੇਰੋ!" ਤਾਏ ਨੇ ਬੱਚਿਆਂ ਨੂੰ ਹੱਲਾ ਸ਼ੇਰੀ ਦਿੰਦਿਆਂ ਕਿਹਾ। "ਬੱਚਿਓ! ਸ਼ੁਰੂ-ਸ਼ੁਰੂ ਵਿੱਚ ਮਨੁੱਖ ਜੰਗਲਾਂ ਵਿੱਚ ਗੁਫਾ ਬਣਾ ਕੇ ਰਹਿੰਦਾ ਸੀ। ਹੌਲੀ-ਹੌਲੀ ਉਸ ਨੇ ਲੱਕੜ, ਗਾਰੇ ਅਤੇ ਘਾਹ-ਫੂਸ ਦੇ ਮਕਾਨ ਬਣਾਉਣੇ ਸ਼ੁਰੂ ਕਰ ਦਿੱਤੇ-ਜਿਨ੍ਹਾਂ ਨੂੰ ਕੱਚੇ ਘਰ ਕਿਹਾ ਜਾਂਦਾ ਹੈ।" "ਤਾਇਆ ਜੀ! ਕੱਚੇ ਘਰ ਤਾਂ ਬਹੁਤ ਸੁੰਦਰ ਨਹੀਂ ਹੁੰਦੇ ਹੋਣਗੇ", ਭੋਲੀ ਨੇ ਤਾਏ ਬਚਨੇ ਨੂੰ ਪੁੱਛਿਆ। "ਨਾ! ਨਾ!! ਕੱਚੇ ਘਰ ਵੀ ਬਹੁਤ ਸੋਹਣੇ ਹੁੰਦੇ ਹਨ। ਉਹ ਠੰਡੇ ਤੇ ਹਵਾਦਾਰ ਹੁੰਦੇ ਹਨ। ਘਰ ਦੀਆਂ ਔਰਤਾਂ ਉਹਨਾਂ ਨੂੰ ਲਿੱਪ-ਪੋਚ ਕੇ ਸਾਫ਼-ਸੁਥਰਾ ਰੱਖਦੀਆਂ ਹਨ। ਤੁਹਾਡੀ ਤਾਈ ਸੁਰਜੀਤ ਕੌਰ ਦੀਵਾਲੀ ਅਤੇ ਖੁਸ਼ੀ ਦੇ ਹੋਰ ਮੌਕਿਆਂ ਉਤੇ ਘਰ ਨੂੰ ਖੂਬ ਸਜਾਉਂਦੀ ਹੈ। ਅਸੀਂ ਵੀ ਸਾਰੇ ਜਣੇ ਮਿਲ ਕੇ ਖੁਸ਼ੀ-ਖੁਸ਼ੀ ਉਸ ਦਾ ਹੱਥ ਵਟਾਉਂਦੇ ਹਾਂ।" ਬਚਨੇ ਤਾਏ ਨੇ ਦੱਸਿਆ।



ਚਿੱਤਰ 11.2 ਸਜਿਆ ਹੋਇਆ ਘਰ

"ਤਾਇਆ ਜੀ ਮੇਰੀ ਮੰਮੀ ਹਰ ਸਾਲ ਦੀਵਾਲੀ ਉਤੇ ਘਰ ਨੂੰ ਖੂਬ ਸਜਾਉਂਦੀ ਹੈ, ਉਹ ਘਰ ਦੀਆਂ ਕੰਧਾਂ ਉਤੇ ਰੰਗਾਂ ਨਾਲ ਫੁੱਲ ਪੱਤੀਆ ਬਣਾਉਂਦੀ ਹੈ, ਉਹਨਾਂ ਵਿਚ ਭਾਂਤ-ਭਾਂਤ ਦੇ ਰੰਗ ਭਰਦੀ ਹੈ" ਭੋਲੀ ਖੁਸ਼ੀ-ਖੁਸ਼ੀ ਬਚਨੇ ਤਾਏ ਨੂੰ ਦੱਸ ਰਹੀ ਸੀ। "ਮੰਮੀ ਫਰਸ਼ ਉਤੇ ਵੀ ਇੱਕ ਗੋਲ ਦਾਇਰਾ ਬਣਾ ਕੇ ਉਸ ਵਿੱਚ ਵੱਖ-ਵੱਖ ਰੰਗ ਭਰ ਦਿੰਦੀ ਹੈ, ਮੈਨੂੰ ਉਹ ਬਹੁਤ ਸੋਹਣਾ ਲੱਗਦਾ ਹੈ, ਤਾਇਆ ਜੀ! ਮੰਮੀ ਉਸਨੂੰ ਰੰਗੋਲੀ ਕਹਿੰਦੀ ਹੈ।"



ਚਿੱਤਰ 11.3 ਰੰਗੋਲੀ

"ਤਾਇਆ ਜੀ, ਮੇਰੇ ਜਨਮ ਦਿਨ ਨੂੰ ਰਿੰਪੀ ਭੈਣ ਨੇ ਮੇਰਾ ਕਮਰਾ ਸਜਾਇਆ ਸੀ। ਉਹਨੇ ਬੁਲਬੁਲੇ, ਲੜੀਆਂ ਨਾਲ ਘਰ ਚਮਕਾ ਦਿੱਤਾ", ਪੱਪੂ ਨੇ ਦੱਸਿਆ।

ਕਿਰਿਆ : 1

ਵਿਦਿਆਰਥੀਆਂ ਨੂੰ ਵੱਖ-ਵੱਖ ਸਮੇਂ ਘਰਾਂ ਦੀ ਸਜਾਵਟ ਕਰਨ ਲਈ ਵਰਤੇ ਜਾਂਦੇ ਸਮਾਨ ਦੀ ਸੂਚੀ ਬਣਾਉਣ ਅਤੇ ਉਸ ਸਮਾਨ ਨੂੰ ਇਕੱਠਾ ਕਰਨ ਲਈ ਕਿਹਾ ਜਾਵੇ ਤਾਂ ਜੋ ਆਉਣ ਵਾਲੇ ਤਿਓਹਾਰ ਵਿੱਚ ਉਸ ਦੀ ਵਰਤੋਂ ਕੀਤੀ ਜਾ ਸਕੇ।

ਅਧਿਆਪਕ ਲਈ :- ਅਧਿਆਪਕ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੀ ਕੀਤੀ ਜਾਂਦੀ ਸਜਾਵਟ ਬਾਰੇ ਹੋਰ ਜਾਣਕਾਰੀ ਦੇਣਗੇ।

ਪਾਠ-12

# ਵੱਖ-ਵੱਖ ਤਰ੍ਹਾਂ ਦੇ ਘਰ

"ਹਨੀ, ਤੂੰ ਇੱਥੇ ਇਕੱਲਾ ਬੈਠਾ ਕੀ ਕਰਦਾ ਏਂ, ਅੱਧੀ ਛੁੱਟੀ ਤਾਂ ਹੈ! ਚੱਲ ਆ ਖੇਡੀਏ", ਲਵਲੀ ਨੇ ਹਨੀ ਨੂੰ ਬਾਂਹ ਤੋਂ ਖਿੱਚਦੇ ਹੋਏ ਕਿਹਾ। ਛੁੱਟੀਆਂ ਤੋਂ ਬਾਅਦ ਅੱਜ ਸਕੂਲ ਖੁੱਲ੍ਹਣ ਦਾ ਪਹਿਲਾ ਦਿਨ ਸੀ। ਹਨੀ ਦੀ ਜਮਾਤ ਦੇ ਪੰਜ-ਸੱਤ ਵਿਦਿਆਰਥੀ ਗੱਲਾਂ ਵਿੱਚ ਰੁੱਝੇ ਹੋਏ ਸਨ। ਹਨੀ ਹੁਰੀਂ ਵੀ ਉਹਨਾਂ ਵਿੱਚ ਜਾ ਸ਼ਾਮਲ ਹੋਏ।

"ਕੀ ਤੁਸੀਂ ਝੀਲ ਵਿੱਚ ਬਣਿਆ ਘਰ ਕਦੇ ਵੇਖਿਆ ਹੈ?" ਰੁਬੀਨਾ ਨੇ ਸ੍ਰੀਨਗਰ ਦੀ ਡੱਲ ਝੀਲ ਬਾਰੇ ਦੱਸਦੇ ਹੋਏ ਆਪਣੇ ਸਾਥੀਆਂ ਨੂੰ ਪੁੱਛਿਆ। ਉਹ ਛੁੱਟੀਆਂ ਵਿੱਚ ਆਪਣੇ ਮਾਮਾ ਜੀ ਕੋਲ ਜੰਮੂ-ਕਸ਼ਮੀਰ ਗਈ ਹੋਈ ਸੀ। ਸਾਰੇ ਬੱਚੇ ਰੁਬੀਨਾ ਵੱਲ ਦੇਖਣ ਲੱਗੇ। "ਕਿਸ਼ਤੀ ਵਿੱਚ ਹੀ ਘਰ ਦੇ ਕਮਰੇ, ਰਸੋਈ ਤੇ ਬਾਥਰੂਮ ਬਣਿਆ ਹੁੰਦਾ ਹੈ। ਉਸ ਵਿੱਚ ਰਹੀ ਵੀ ਜਾਉ ਤੇ ਡੱਲ ਝੀਲ ਦੀ ਸੈਰ ਵੀ ਕਰਦੇ ਜਾਓ।" "ਇਹਨੂੰ ਕੀ ਕਹਿੰਦੇ ਹਨ?" ਹਨੀ ਨੇ ਰੁਬੀਨਾ ਨੂੰ ਪੁੱਛਿਆ। "ਇਹ ਇੱਕ ਬਹੁਤ ਛੋਟੀ ਕਿਸ਼ਤੀ ਹੈ ਜਿਸ ਦੀ ਵਰਤੋਂ ਕਿਨਾਰੇ ਤੱਕ ਜਾਣ ਵਾਸਤੇ ਜਾਂ ਝੀਲ ਵਿੱਚ ਘੁੰਮਣ ਵਾਸਤੇ ਕੀਤੀ ਜਾਂਦੀ ਹੈ। ਇਸ ਨੂੰ ਹਾਊਸਬੋਟ ਜਾਂ ਸ਼ਿਕਾਰਾ ਕਹਿੰਦੇ ਹਨ", ਰੁਬੀਨਾ ਨੇ ਦੱਸਿਆ। ਇਹ ਲੱਕੜੀ ਦਾ ਬਣਿਆ ਹੁੰਦਾ ਹੈ।



ਚਿੱਤਰ 12.1 ਹਾਊਸ-ਬੋਟ

ਹਨੀ ਨੇ ਗੱਲ ਨੂੰ ਅੱਗੇ ਤੋਰਦਿਆਂ ਕਿਹਾ ਕਿ ਮੇਰੇ ਪਿਤਾ ਜੀ ਦੱਸਦੇ ਹਨ ਕਿ ਅਜੇ ਵੀ ਪਿੰਡਾਂ ਵਿੱਚ ਕੁਝ ਘਰ ਲੱਕੜੀ ਅਤੇ ਘਾਹ-ਫੂਸ ਦੇ ਬਣੇ ਹੋਏ ਹਨ, ਜਿਨ੍ਹਾਂ ਨੂੰ ਕੱਚੇ ਘਰ ਕਿਹਾ ਜਾਂਦਾ ਹੈ ਪਰ ਸ਼ਹਿਰਾਂ ਵਿੱਚ ਬਹੁਤੇ ਘਰ ਇੱਟਾਂ, ਪੱਥਰ ਸੀਮਿੰਟ ਲੋਹੇ ਆਦਿ ਨਾਲ ਬਣੇ ਹੁੰਦੇ ਹਨ। ਇਹਨਾਂ ਨੂੰ ਪੱਕੇ ਘਰ ਕਿਹਾ ਜਾਂਦਾ ਹੈ।



ਚਿੱਤਰ 12.2 ਕੱਚਾ ਘਰ



ਚਿੱਤਰ 12.3 ਪੱਕਾ ਘਰ

ਕਿਰਿਆ : 1

ਵਿਦਿਆਰਥੀ ਆਪਣੇ ਗੁਆਂਢ ਦੇ ਕੱਚੇ-ਪੱਕੇ ਘਰਾਂ ਦੀ ਪਛਾਣ ਕਰਦੇ ਹੋਏ ਉਨ੍ਹਾਂ ਨੂੰ ਬਣਾਉਣ ਲਈ ਵਰਤੇ ਸਮਾਨ ਦੀ ਸੂਚੀ ਬਣਾਉਣਗੇ।

| ਕੱਚਾ ਘਰ | ਪੱਕਾ ਘਰ |
|---|---|
| .................... | .................... |
| .................... | .................... |
| .................... | .................... |
| .................... | .................... |

1. ਸ਼ੁਰੂ-ਸ਼ੁਰੂ ਵਿੱਚ ਮਨੁੱਖ ਕਿੱਥੇ ਰਹਿੰਦਾ ਸੀ? ..................................

2. ਕਿਸ਼ਤੀ ਵਿੱਚ ਬਣੇ ਘਰ ਨੂੰ ਕੀ ਕਹਿੰਦੇ ਹਨ? ..................................

"ਆਸਾਮ ਵਿੱਚ ਲੋਕ ਬਾਂਸ ਦੇ ਘਰ ਬਣਾ ਕੇ ਰਹਿੰਦੇ ਹਨ," ਹਨੀ ਨੇ ਕਿਹਾ। "ਅੱਛਾ! ਉਹ ਕਿਵੇਂ?" ਰੁਬੀਨਾ ਨੇ ਪੁੱਛਿਆ। "ਉਧਰ ਬਾਂਸ ਬਹੁਤ ਹੁੰਦੀ ਹੈ। ਉਹ ਬਾਂਸ ਦੀਆਂ ਹੀ ਦੀਵਾਰਾਂ, ਛੱਤਾਂ ਅਤੇ ਦਰਵਾਜ਼ੇ-ਖਿੜਕੀਆਂ ਬਣਾ ਕੇ ਘਰ ਬਣਾ ਲੈਂਦੇ ਹਨ", ਸਨੀ ਨੇ ਕਿਹਾ। ਸਨੀ ਵੀ ਇਨ੍ਹਾਂ ਛੁੱਟੀਆਂ ਵਿੱਚ ਆਪਣੇ ਮਾਤਾ ਜੀ ਨਾਲ ਆਸਾਮ ਗਿਆ ਸੀ। ਉੱਥੇ ਉਸ ਦੇ ਪਿਤਾ ਜੀ ਫੌਜ ਵਿੱਚ ਹਨ। ਉਸਨੇ

ਅੱਗੇ ਦੱਸਿਆ ਕਿ ਅਸਾਮ ਵਿੱਚ ਬਾਰਸ਼ ਬਹੁਤ ਹੁੰਦੀ ਹੈ। ਇਸ ਕਰ ਕੇ ਆਸਾਮ ਵਿਚ ਬਾਂਸ ਦੇ ਘਰ ਧਰਤੀ ਤੋਂ 10-12 ਫੁੱਟ ਉੱਚੇ ਬਣਾਏ ਜਾਂਦੇ ਹਨ।



ਚਿੱਤਰ 12.4 ਅਸਾਮ ਦੇ ਘਰ

ਕਿਰਿਆ : 2

ਵਿਦਿਆਰਥੀਆਂ ਨੂੰ ਟੈਂਟ ਤੇ ਬਾਂਸਾ ਨਾਲ ਬਣੇ ਹੋਏ ਘਰਾਂ ਦੇ ਚਿੱਤਰ ਬਣਾਉਣ ਲਈ ਕਿਹਾ ਜਾਵੇਗਾ।

? 1. ਆਸਾਮ ਵਿੱਚ ਬਾਂਸ ਦੇ ਘਰ ਕਿਉਂ ਬਣਾਏ ਜਾਂਦੇ ਹਨ ?

? 2. ਟੈਂਟ ਵਾਲਾ ਘਰ ਕਿਸ ਵਸਤੂ ਦਾ ਬਣਿਆ ਹੁੰਦਾ ਹੈ ?

"ਹਨੀ ! ਮੈਂ ਵੀ ਛੁੱਟੀਆਂ ਵਿੱਚ ਆਪਣੀ ਭੂਆ ਜੀ ਕੋਲ ਗੰਗਾਨਗਰ ਗਈ ਸਾਂ, ਉਥੇ ਮੈਂ ਘਾਹ-ਫੂਸ ਦੇ ਬਣੇ ਹੋਏ ਝੌਂਪੜੀਆਂ ਵਰਗੇ ਘਰ ਵੇਖੇ।" ਅਮਨ ਨੇ ਰਾਜਸਥਾਨ ਵਿੱਚ ਬਣੇ ਹੋਏ ਘਰਾਂ ਬਾਰੇ ਦੱਸਿਆ। ਉਸ ਨੇ ਕਿਹਾ, "ਇਹ ਘਰ ਹਵਾਦਾਰ ਅਤੇ ਗਰਮੀਆਂ ਵਿੱਚ ਠੰਡੇ ਹੁੰਦੇ ਹਨ। ਰਾਜਸਥਾਨ ਗਰਮ ਇਲਾਕਾ ਹੈ ਉਥੇ ਵਰਖਾ ਬਹੁਤ ਘੱਟ ਹੁੰਦੀ ਹੈ। ਇਸੇ ਕਰ ਕੇ ਉਥੇ ਬਹੁਤੇ ਘਰ ਘਾਹ-ਫੂਸ ਦੇ ਬਣੇ ਹੁੰਦੇ ਹਨ।"



ਚਿੱਤਰ 12.5 ਰਾਜਸਥਾਨੀ ਘਰ

"ਸਾਡੇ ਭੂਆ ਜੀ ਦਾ ਘਰ ਢਲਾਨਦਾਰ ਛੱਤ ਵਾਲਾ ਹੈ," ਮੋਹਿਤ ਬੋਲਿਆ। ਉਹ ਛੁੱਟੀਆਂ ਵਿੱਚ ਆਪਣੇ ਭੂਆ ਜੀ ਕੋਲ ਮਨਾਲੀ (ਹਿਮਾਚਲ ਪ੍ਰਦੇਸ਼) ਗਿਆ ਹੋਇਆ ਸੀ। "ਉੱਥੇ ਬਰਫ ਪੈਂਦੀ ਹੈ, ਜਿਸ ਕਾਰਨ ਉਹਨਾਂ ਦਾ ਘਰ ਪੱਥਰ ਅਤੇ ਲੱਕੜ ਨਾਲ ਬਣਿਆ ਹੋਇਆ ਹੈ। ਭੂਆ ਜੀ ਦੇ ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਰਹਿੰਦੇ ਹਨ, ਉਹ ਸਾਰੇ ਜਣੇ ਬਹੁਤ ਖੁਸ਼ ਹਨ, ਉਹ ਇੱਕ-ਦੂਜੇ ਦੀ ਸਹਾਇਤਾ ਕਰਦੇ ਹਨ", ਮੋਹਿਤ ਨੇ ਦੱਸਿਆ।



ਚਿੱਤਰ 12.6 ਹਿਮਾਚਲ ਦੇ ਘਰ

ਅਧਿਆਪਕ ਲਈ :— ਪਾਠ ਪੜ੍ਹਨ ਉਪਰੰਤ ਅਧਿਆਪਕ ਘਰਾਂ ਦੀਆਂ ਹੋਰ ਕਿਸਮਾਂ ਬਾਰੇ ਜਾਣਕਾਰੀ ਦੇ ਸਕਦੇ ਹਨ, ਜਿਵੇਂ :- ਬਹੁ-ਮੰਜਲੀ ਘਰ, ਟੱਪਰੀਵਾਸਾਂ ਦੇ ਘਰ ਅਤੇ ਇਗਲੂ।

**ਹੇਠ ਲਿਖੇ ਘਰਾਂ ਦਾ ਸੰਬੰਧਿਤ ਸਥਾਨਾਂ ਨਾਲ ਮਿਲਾਣ ਕਰੋ :**

| ਘਰ | ਸਥਾਨ |
|---|---|
| ਬਾਂਸ ਦਾ ਘਰ | ਰਾਜਸਥਾਨ |
| ਘਾਹ-ਫੂਸ ਦਾ ਘਰ | ਮਨਾਲੀ |
| ਢਲਾਨ ਵਾਲੀ ਛੱਤ ਦਾ ਘਰ | ਦਿੱਲੀ |
| ਬਹੁ-ਮੰਜਲੀ ਘਰ | ਅਸਾਮ |

ਕਿਰਿਆ : 3

ਵਿਦਿਆਰਥੀਆਂ ਨੂੰ ਵੱਖ-ਵੱਖ ਕਿਸਮਾਂ ਦੇ ਘਰਾਂ ਦੀਆਂ ਤਸਵੀਰਾਂ ਇਕੱਤਰ ਕਰਕੇ ਜਾਂ ਕੋਲਾਜ ਤਿਆਰ ਕਰਵਾ ਕੇ ਚਾਰਟ ਉੱਤੇ ਚਿਪਕਾਉਣ ਲਈ ਕਿਹਾ ਜਾਵੇ।

? 1. ਬਰਫ ਵਾਲੇ ਇਲਾਕਿਆ ਵਿੱਚ ਮਕਾਨ ਕਿਹੋ ਜਿਹੇ ਹੁੰਦੇ ਹਨ?

? 2. ਰਾਜਸਥਾਨ ਵਿੱਚ ਬਹੁਤੇ ਘਰ ਘਾਹ-ਫੂਸ ਦੇ ਕਿਉਂ ਬਣੇ ਹੁੰਦੇ ਹਨ?

? 3. ਬਹੁ-ਮੰਜ਼ਲੀ ਘਰਾਂ ਦਾ ਕੀ ਲਾਭ ਹੈ?

ਪਾਠ-13

# ਪਿੰਕੀ ਕਿੱਥੇ ਰਹਿੰਦੀ ਹੈ?

"ਪਿੰਕੀ ਕਿੱਥੇ ਰਹਿੰਦੀ ਹੈ?" ਮੈਡਮ ਨੀਲਮ ਨੇ ਸਵੇਰੇ ਹਾਜ਼ਰੀ ਲਗਾਉਣ ਪਿੱਛੋਂ ਬੱਚਿਆਂ ਨੂੰ ਪੁੱਛਿਆ। "ਮੈਡਮ ਜੀ! ਉਹ ਭਾਨੇ ਹਲਵਾਈ ਦੀ ਦੁਕਾਨ ਦੇ ਨੇੜੇ ਰਹਿੰਦੀ ਹੈ। ਉਹਨਾਂ ਦਾ ਘਰ ਦੁਕਾਨ ਤੋਂ ਖੱਬੇ ਪਾਸੇ ਹੈ।" "ਬੇਟਾ ਜਸਪ੍ਰੀਤ! ਤੂੰ ਅੱਜ ਛੁੱਟੀ ਤੋਂ ਬਾਅਦ ਉਸ ਦੇ ਘਰ ਜਾ ਕੇ ਆਵੀਂ! ਪਤਾ ਕਰੀਂ ਕਿ ਉਹ ਸਕੂਲ ਕਿਉਂ ਨਹੀਂ ਆ ਰਹੀ। ਜਸਪ੍ਰੀਤ! ਪਿੰਕੀ ਦਾ ਘਰ ਕਿੰਨੀ ਕੁ ਦੂਰ ਹੈ?" "ਮੈਡਮ ਜੀ! ਉਹਦਾ ਘਰ ਬਹੁਤੀ ਦੂਰ ਨਹੀਂ, ਸਾਡੇ ਘਰ ਕੋਲ ਹੀ ਹੈ। ਪਿੰਕੀ ਦੇ ਘਰ ਜਾਣ ਲਈ ਥੋੜ੍ਹਾ ਹੀ ਸਮਾਂ ਲੱਗੇਗਾ।"

ਪਿੰਕੀ ਦੇ ਘਰੋਂ ਵਾਪਸ ਆ ਕੇ ਜਸਪ੍ਰੀਤ ਨੇ ਆਪਣੀ ਮੰਮੀ ਨੂੰ ਕਿਹਾ, "ਮੰਮੀ! ਮੰਮੀ! ਪਿੰਕੀ ਹੁਰਾਂ ਦਾ ਘਰ ਤਾਂ ਬਹੁਤ ਵੱਡਾ ਹੈ। ਸਾਡੇ ਘਰ ਜਿਨ੍ਹਾਂ ਤਾਂ ਉਹਨਾਂ ਦਾ ਸਿਰਫ ਵਿਹੜਾ ਹੀ ਹੈ।" "ਤੂੰ ਕੀ ਕਰਨ ਗਿਆ ਸੀ ਪਿੰਕੀ ਦੇ ਘਰ?" ਮਨਜੀਤ ਨੇ ਆਪਣੇ ਪੁੱਤਰ ਨੂੰ ਪੁੱਛਿਆ। "ਮੰਮੀ, ਪਿੰਕੀ ਕਈ ਦਿਨਾਂ ਤੋਂ ਸਕੂਲ ਨਹੀਂ ਜਾ ਰਹੀ। ਮੈਡਮ ਜੀ ਨੇ ਉਸ ਦੇ ਬਾਰੇ ਪੁੱਛਣ ਲਈ ਭੇਜਿਆ ਸੀ।"



ਚਿੱਤਰ 13.1 ਛੋਟਾ ਘਰ



ਚਿੱਤਰ 13.2 ਵੱਡਾ ਘਰ

ਜਸਪ੍ਰੀਤ ਨੇ ਆਪਣੀ ਮਾਂ ਨੂੰ ਕਿਹਾ। "ਤੈਨੂੰ ਪਿੰਕੀ ਦਾ ਘਰ ਪਤਾ ਸੀ? ਉਹਨਾਂ ਦਾ ਘਰ



ਚਿੱਤਰ 13.3 ਡਾਕ ਘਰ

ਡਾਕਖਾਨੇ ਦੇ ਨਾਲ ਲੱਗਦਾ ਹੈ। ਮੈਂ ਕਈ ਵਾਰੀ ਮਾਮਾ ਜੀ ਨੂੰ ਚਿੱਠੀ ਪਾਉਣ ਲਈ ਡਾਕਖਾਨੇ ਗਿਆ ਹਾਂ। ਆਪਣੇ ਘਰ ਤੋਂ ਦਸ ਮਿੰਟ ਤਾਂ ਲੱਗਦੇ ਹਨ।"

### ਕਿਰਿਆ : 1

ਬੱਚਿਆਂ ਨੂੰ ਆਪਣੇ ਮਿੱਤਰ/ਰਿਸ਼ਤੇਦਾਰ ਦੇ ਘਰ ਪਹੁੰਚਣ ਤੱਕ ਲੱਗਣ ਵਾਲਾ ਸਮਾਂ ਨੋਟ ਕਰਨ ਦੀ ਕਿਰਿਆ ਕਰਵਾਈ ਜਾਵੇ।

| ਨਾਂ | ਲੱਗਿਆ ਸਮਾਂ |
|---|---|
| .................................. | .................................. |
| .................................. | .................................. |
| .................................. | .................................. |

### ਕਿਰਿਆ : 2

ਆਪਣੇ ਘਰ ਦੇ ਪੜ੍ਹਨ ਵਾਲੇ ਕਮਰੇ ਦੀ ਲੰਬਾਈ-ਚੌੜਾਈ ਕਦਮਾਂ ਨਾਲ ਮਾਪੋ ਅਤੇ ਲਿਖੋ।

ਲੰਬਾਈ ..................................

ਚੌੜਾਈ ..................................

"ਜਸਪ੍ਰੀਤ, ਜਾਹ ਦੌੜ ਅਤੇ ਘੋਲੂ ਦੀ ਦੁਕਾਨ ਤੋਂ ਦੁੱਧ ਲੈ ਆ। ਅੱਜ ਸ਼ਾਮੀਂ ਖੀਰ ਬਣਾਉਣੀ ਹੈ, ਤੇਰੀ ਮੁਹਾਲੀ ਵਾਲੀ ਮਾਸੀ ਆ ਰਹੀ ਹੈ।" ਮਨਜੀਤ ਨੇ ਕਿਹਾ। ਜਸਪ੍ਰੀਤ ਬਹੁਤ ਖੁਸ਼ ਹੋਇਆ। "ਮੰਮੀ, ਮਾਸੀ ਦੇ ਨਾਲ ਗੋਲਡੀ ਵੀਰਾ ਵੀ ਆਏਗਾ ? " "ਹਾਂ! ਹਾਂ! ਕਿਉਂ ਨਹੀਂ ? " ਉਸ ਦੀ ਮਾਂ ਨੇ ਜਸਪ੍ਰੀਤ ਨੂੰ ਆਖਿਆ। "ਵੀਰੇ ਨਾਲ ਮੈਂ ਪਾਰਕ ਵਿੱਚ ਖੇਡਣ ਜਾਵਾਂਗਾ।" "ਪਾਰਕ ਤਾਂ ਬਹੁਤ ਦੂਰ ਹੈ", ਉਸ ਦੀ ਮਾਂ ਨੇ ਆਪਣੇ ਪੁੱਤਰ ਨੂੰ ਟੋਕਦਿਆਂ ਕਿਹਾ, "ਤੁਸੀਂ ਪਾਰਕ ਤੱਕ ਕਿਵੇਂ ਪਹੁੰਚੋਗੇ ? " "ਪਿਛਲੀ ਵਾਰ ਮੈਂ ਤੇ ਵੀਰਾ ਸਾਈਕਲ ਉੱਤੇ ਗਏ ਸੀ। ਸਾਈਕਲ ਉੱਤੇ ਉੱਥੇ ਪਹੁੰਚਣ ਵਿੱਚ ਬਹੁਤਾ ਸਮਾਂ ਨਹੀਂ ਲੱਗਦਾ। ਬੱਸ ਸਟੈਂਡ ਤੋਂ ਸੱਜੇ ਮੁੜ ਕੇ ਪਾਰਕ ਆ ਜਾਂਦਾ ਹੈ।"



ਚਿੱਤਰ 13.4 ਸਾਈਕਲ ਚਲਾਉਂਦੇ ਹੋਏ ਜਸਪ੍ਰੀਤ

"ਅੱਛਾ, ਅੱਛਾ, ਚਲਾ ਜਾਵੀਂ, ਪਰ ਪਹਿਲਾਂ ਦੌੜ ਕੇ ਦੁੱਧ ਲੈ ਆ।" ਮਾਂ ਨੇ ਜਸਪ੍ਰੀਤ ਨੂੰ ਕਿਹਾ।

ਅਗਲੇ ਦਿਨ ਜਸਪ੍ਰੀਤ ਦੀ ਮਾਸੀ ਦਾ ਮੁੰਡਾ ਗੋਲਡੀ ਅਤੇ ਜਸਪ੍ਰੀਤ ਪਾਰਕ ਵਿੱਚ ਖੇਡਣ ਚਲੇ ਗਏ। ਪਿੰਡ ਦੇ ਹੋਰ ਚਾਰ-ਪੰਜ ਲੜਕੇ ਵੀ ਉੱਥੇ ਖੇਡਣ ਆਏ ਹੋਏ ਸਨ। ਜਸਪ੍ਰੀਤ ਹੁਰੀਂ ਵੀ ਉਹਨਾਂ ਵਿੱਚ ਸ਼ਾਮਲ ਹੋ ਗਏ।




ਚਿਤਰ 13.5 ਫੁੱਟਬਾਲ ਖੇਡਦੇ ਹੋਏ ਬੱਚੇ

ਪਹਿਲਾਂ ਉਹਨਾਂ ਨੇ ਕਦਮਾਂ ਨਾਲ ਹੀ ਗਰਾਊਂਡ ਤਿਆਰ ਕੀਤਾ। ਇੱਕ ਪਾਸੇ ਨੂੰ 50 ਕਦਮ ਅਤੇ ਦੂਜੇ ਪਾਸੇ 25 ਕਦਮ ਮਾਪ ਕੇ ਇੱਟਾਂ ਰੱਖ ਦਿੱਤੀਆਂ। ਉਹਨਾਂ ਨੇ ਗਰਾਊਂਡ ਦੇ ਦੋਵੇਂ ਪਾਸੇ ਚਾਰ-ਚਾਰ ਕਦਮਾਂ ਦੇ ਗੋਲ ਬਣਾਏ ਅਤੇ ਖੇਡਣਾ ਸ਼ੁਰੂ ਕਰ ਦਿੱਤਾ। ਖੇਡਦੇ-ਖੇਡਦੇ ਪਤਾ ਹੀ ਨਹੀਂ ਚੱਲਿਆ ਕਿ ਕਦੋਂ ਹਨੇਰਾ ਵੀ ਹੋ ਗਿਆ। ਉਹ ਆਪੋ-ਆਪਣੇ ਘਰੀਂ ਚੱਲ ਪਏ।

## ਕਿਰਿਆ : 3

ਘਰ ਤੋਂ ਵੱਖ-ਵੱਖ ਥਾਵਾਂ ਤੱਕ ਜਾਣ ਲਈ ਲੱਗਿਆ ਸਮਾਂ ਖਾਨਿਆਂ ਵਿੱਚ ਭਰੋ।



## ਕਿਰਿਆ : 4

ਆਪਣੇ ਘਰ ਤੋਂ ਸਕੂਲ ਆਉਂਦੇ ਹੋਏ ਰਸਤੇ ਵਿੱਚ ਆਉਣ ਵਾਲੀਆਂ ਮਹੱਤਵਪੂਰਨ ਥਾਵਾਂ ਦੀ ਸੂਚੀ ਬਣਾਉ।

1. ..........................  4. ..........................

2. ..........................  5. ..........................

3. ..........................  6. ..........................

? 1. ਤੁਹਾਡੇ ਘਰ ਵਿੱਚ ਕਿੰਨੇ ਕਮਰੇ ਹਨ? ..........................................

? 2. ਤੁਹਾਡੇ ਘਰ ਵਿੱਚ ਸਭ ਤੋਂ ਵੱਡਾ ਕਮਰਾ ਕਿਹੜਾ ਹੈ? ..........................................

? 3. ਤੁਹਾਡੇ ਸਕੂਲ ਦੇ ਗੇਟ ਤੋਂ ਮਿਡ-ਡੇ-ਮੀਲ ਰਸੋਈ ਕਿੰਨੀ' ਕੁ ਦੂਰ ਹੈ? ..........................................

? 4. ਤੁਹਾਡੇ ਘਰ ਤੋਂ ਸਕੂਲ ਨੇੜੇ ਹੈ ਜਾਂ ਡਾਕ-ਘਰ? ..........................................

ਪਾਠ-14

# ਬੂੰਦ-ਬੂੰਦ ਪਾਣੀ

ਅੱਜ ਮੁਹੱਲੇ ਦੇ ਬੱਚੇ ਸੰਤੀ ਬੇਬੇ ਦੇ ਦੁਆਲੇ ਹੋਏ ਬੈਠੇ ਸਨ। ਉਹ ਬਹੁਤ ਖ਼ੁਸ਼ ਸਨ, ਕਿਉਂਕਿ ਉਹਨਾਂ ਦੇ ਮੁਹੱਲੇ ਵਿੱਚ ਪਾਣੀ ਦੀ ਟੂਟੀ ਲੱਗੀ ਸੀ। ਉਹਨਾਂ ਦੀਆਂ ਮਾਂਵਾਂ ਨੂੰ ਦੂਰੋਂ ਪਾਣੀ ਲੈ ਕੇ ਆਉਣਾ ਪੈਂਦਾ ਸੀ। ਇਲਾਕੇ ਵਿੱਚ ਪਾਣੀ ਦੀ ਬਹੁਤ ਕਮੀ ਸੀ। ਸੰਤੀ ਬੇਬੇ ਬੱਚਿਆਂ ਨਾਲ ਟੂਟੀ ਦੀਆਂ ਗੱਲਾਂ ਕਰਦੀ-ਕਰਦੀ ਅਚਾਨਕ ਉਦਾਸ ਹੋ ਗਈ। ਉਹ ਬੱਚਿਆਂ ਨੂੰ ਤੀਹ-ਚਾਲ਼ੀ ਸਾਲ ਪਹਿਲਾਂ ਪਾਣੀ ਦੀ ਘਾਟ ਬਾਰੇ ਦੱਸਣ ਲੱਗੀ, "ਬੱਚਿਓ! ਜਦੋਂ ਤੁਹਾਡੇ ਦਾਦਾ ਜੀ ਫੌਜ ਵਿੱਚ ਸਨ, ਮੈਨੂੰ ਹੀ ਪੈਦਲ ਤੁਰ ਕੇ ਦੂਰ ਤੋਂ ਪਾਣੀ ਲਿਆਉਣਾ ਪੈਂਦਾ ਸੀ। ਅਸੀਂ ਬਹੁਤੀਆਂ ਇਸਤਰੀਆਂ ਨਹਾਉਣ-ਧੋਣ, ਪੀਣ ਅਤੇ ਹੋਰ ਕੰਮਾਂ ਲਈ ਪਿੰਡ ਤੋਂ ਬਾਹਰ ਚੌਧਰੀਆਂ ਦੇ ਖ਼ੂਹ ਤੋਂ ਪਾਣੀ ਲੈ ਕੇ ਆਉਂਦੀਆਂ ਸੀ।"



ਚਿੱਤਰ 14.1 ਪਾਣੀ ਲਿਆ ਰਹੀਆਂ ਔਰਤਾਂ



ਚਿੱਤਰ 14.2 ਖੂਹ ਤੋਂ ਪਾਣੀ ਭਰਦੇ ਹੋਏ

ਚੌਧਰੀਆਂ ਨੇ ਖ਼ੂਹ ਤੋਂ ਕੁਝ ਜਾਤੀਆਂ ਨੂੰ ਪਾਣੀ ਲੈਣੋਂ ਮਨ੍ਹਾ ਕੀਤਾ ਹੋਇਆ ਸੀ। ਇਸ ਲਈ ਉਹ ਵਿਚਾਰੇ ਨਦੀ ਤੋਂ ਪਾਣੀ ਲਿਆ ਕੇ ਵਰਤਦੇ ਸਨ।

"ਬੇਬੇ! ਚੌਧਰੀ ਇਸ ਤਰ੍ਹਾਂ ਕਿਉਂ ਕਰਦੇ ਸਨ?" ਘੋਲ਼ੂ ਨੇ ਪੁੱਛਿਆ। "ਪੁੱਤ! ਉਦੋਂ ਲੋਕੀਂ ਜਾਤ-ਪਾਤ ਨੂੰ ਬਹੁਤ ਮੰਨਦੇ ਸੀ। ਇਸੇ ਕਰਕੇ ਤਾਂ ਤੁਹਾਡੇ ਦਾਦਾ ਜੀ ਨੇ ਫ਼ੌਜ ਵਿੱਚੋਂ ਰਿਟਾਇਰ ਹੋ ਕੇ ਪਿੰਡ ਵਿਚਕਾਰ ਹੀ ਖ਼ੂਹ

ਬਣਵਾਇਆ ਸੀ। ਇੱਥੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕ ਪਾਣੀ ਲੈ ਸਕਦੇ ਸਨ। ਕਿਉਂਕਿ ਤੁਹਾਡੇ ਦਾਦਾ ਜੀ ਸਾਰਿਆਂ ਨੂੰ ਇੱਕ ਬਰਾਬਰ ਹੀ ਸਮਝਦੇ ਸਨ।"

ਅਧਿਆਪਕ ਲਈ :- ਅਧਿਆਪਕ ਵਿਦਿਆਰਥੀਆਂ ਨੂੰ ਘਰ ਵਿੱਚ ਨਹਾਉਣ ਲਈ ਵਰਤੀਆਂ ਜਾਂਦੀਆਂ ਪਾਣੀ ਦੀਆਂ ਬਾਲਟੀਆਂ ਦੀ ਗਿਣਤੀ ਨੋਟ ਕਰਨ ਲਈ ਕਹੇਗਾ।

ਕਿਰਿਆ : 1

ਅਧਿਆਪਕ ਵਿਦਿਆਰਥੀਆਂ ਨੂੰ ਆਪਣੇ-ਆਪਣੇ ਘਰਾਂ ਵਿੱਚ ਹਰ ਰੋਜ਼ ਕੁੱਲ ਵਰਤੀਆਂ ਜਾਂਦੀਆਂ ਪਾਣੀ ਦੀਆਂ ਬਾਲਟੀਆਂ ਜਾਂ ਟੱਬਾਂ ਦੀ ਗਿਣਤੀ ਜਾਂ ਮਾਤਰਾ ਨੋਟ ਕਰਨ ਲਈ ਕਹੇਗਾ।

1. ਅੱਜ ਬੱਚੇ ਖ਼ੁਸ਼ ਕਿਉਂ ਸਨ?
2. ਗੱਲ ਕਰਦਿਆਂ-ਕਰਦਿਆਂ ਬੇਬੇ ਸੰਤੀ ਉਦਾਸ ਕਿਉਂ ਹੋ ਗਈ ਸੀ?
3. ਚੌਧਰੀ ਆਪਣੇ ਖੂਹ ਤੋਂ ਪਾਣੀ ਲੈਣ ਲਈ ਕੁਝ ਘਰਾਂ ਨੂੰ ਕਿਉਂ ਮਨ੍ਹਾਂ ਕਰਦੇ ਸਨ?

"ਚਾਚੀ! ਕੀ ਗੱਲ ਅੱਜ ਬੱਚੇ ਬਹੁਤ ਖੁਸ਼ ਨਜ਼ਰ ਆ ਰਹੇ ਹਨ?" ਬੀਰ੍ਹੇ ਨੰਬਰਦਾਰ ਨੇ ਬੇਬੇ ਸੰਤੀ ਨੂੰ ਜਾਂਦੇ-ਜਾਂਦੇ ਪੁੱਛਿਆ। "ਪੁੱਤ! ਬੱਚੇ ਤਾਂ ਖੁਸ਼ ਹੋਣਗੇ ਹੀ, ਸਰਕਾਰ ਨੇ ਇਹਨਾਂ ਦੇ ਘਰਾਂ ਨੇੜੇ ਹੀ ਟੂਟੀ ਜੋ ਲਗਾ ਦਿੱਤੀ ਹੈ। ਹੁਣ ਪਾਣੀ ਵੀ ਸਾਫ਼ ਮਿਲੇਗਾ ਅਤੇ ਖੂਹ ਉਤੇ ਜਾਣ ਦਾ ਝੰਜਟ ਵੀ ਮੁੱਕ ਜਾਵੇਗਾ", ਸੰਤੀ ਬੇਬੇ ਨੇ ਟੂਟੀ ਵੱਲ ਇਸ਼ਾਰਾ ਕਰਦਿਆਂ ਦੱਸਿਆ।



ਚਿੱਤਰ 14.3 ਸੰਤੀ ਦਾਦੀ ਟੂਟੀ ਵੱਲ ਇਸ਼ਾਰਾ ਕਰਦੀ ਹੋਈ

"ਚਾਚੀ! ਸੱਚਮੁੱਚ ਹੀ ਇਹ ਤਾਂ ਖੁਸ਼ੀ ਵਾਲੀ ਗੱਲ ਹੈ" ਬੀਰ੍ਹਾ ਬੋਲਿਆ। "ਪੁੱਤ! ਮੈਂ ਬੱਚਿਆਂ ਨੂੰ ਸਮਝਾ ਰਹੀ ਸਾਂ ਕਿ ਹੁਣ ਸਾਡੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਵੱਧ ਗਈ ਹੈ।" ਉਹ ਕਿਵੇਂ ਚਾਚੀ?" ਬੀਰ੍ਹੇ ਨੇ ਬੇਬੇ ਨੂੰ ਪੁੱਛਿਆ। "ਪੁੱਤ! ਪਾਣੀ ਬਹੁਤ ਕੀਮਤੀ ਚੀਜ਼ ਹੈ। ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਪਾਣੀ ਨੂੰ ਅਸੀਂ ਲੋੜ ਅਨੁਸਾਰ ਹੀ ਵਰਤੀਏ। ਇਸ ਨੂੰ ਵਿਅਰਥ ਨਾ ਜਾਣ ਦੇਈਏ।" "ਬੇਟਾ! ਜਦੋਂ ਤੁਹਾਨੂੰ ਪਿਆਸ ਲੱਗਦੀ ਹੈ ਤਾਂ ਤੁਹਾਡਾ ਮੂੰਹ ਸੁੱਕਦਾ ਹੈ ਤਾਂ ਤੁਸੀਂ ਕਿਹੜੀ ਚੀਜ਼ ਦੀ ਲੋੜ ਮਹਿਸੂਸ ਕਰਦੇ ਹੋ?" ਬੇਬੇ ਨੇ ਬੱਚਿਆਂ ਤੋਂ ਪੁੱਛਿਆ। "ਬੇਬੇ! ਮੈਨੂੰ ਤਾਂ ਉਸ ਵੇਲੇ ਪਾਣੀ ਦਾ ਭਰਿਆ ਗਿਲਾਸ

ਮਿਲੇ ਤਾਂ ਠੀਕ ਹੈ, ਨਹੀਂ ਤਾਂ ਮੈਂ ਡਿੱਗਣ ਵਾਲਾ ਹੋ ਜਾਂਦਾ ਹਾਂ। ਮੇਰੀ ਭੈਣ ਸਵੀਟੀ ਨੂੰ ਵੀ ਇੱਕ ਦਿਨ ਇੰਨੀ ਜ਼ੋਰ ਦੀ ਪਿਆਸ ਲੱਗੀ ਕਿ ਉਸ ਦਾ ਚਿਹਰਾ ਮੁਰਝਾ ਗਿਆ ਤੇ ਉਹ ਖੇਡਦਿਆਂ-ਖੇਡਦਿਆਂ ਬੇਹੋਸ਼ ਹੋ ਗਈ।" ਜੱਸੀ ਬੇਬੇ ਨੂੰ ਦੱਸਣ ਲੱਗਾ। "ਬੱਚਿਓ! ਕਦੇ ਵੀ ਟੂਟੀ ਖੁੱਲੀ ਨਾ ਛੱਡਿਓ। ਹਾਂ ਬੱਚਿਓ! ਜਿਵੇਂ ਅਸੀਂ ਪਾਣੀ ਤੋਂ ਬਿਨਾਂ ਨਹੀਂ ਜੀ ਸਕਦੇ, ਉਸੇ ਤਰ੍ਹਾਂ ਪੌਦਿਆਂ ਦਾ ਜੀਵਨ ਵੀ ਪਾਣੀ ਤੋਂ ਬਿਨਾਂ ਅਸੰਭਵ ਹੈ। ਜਿਵੇਂ ਪਾਣੀ ਨਾ ਮਿਲਣ ਕਾਰਨ ਸਾਡਾ ਚਿਹਰਾ ਮੁਰਝਾ ਜਾਂਦਾ ਹੈ, ਉਸੇ ਤਰ੍ਹਾਂ ਪੌਦੇ ਵੀ ਕੁਮਲਾ ਜਾਂਦੇ ਹਨ। ਲਗਾਤਾਰ ਪਾਣੀ ਨਾ ਮਿਲੇ ਤਾਂ ਉਹ ਹਮੇਸ਼ਾ ਲਈ ਖਤਮ ਹੋ ਜਾਂਦੇ ਹਨ" ਬੇਬੇ ਨੇ ਬੱਚਿਆਂ ਨੂੰ ਸਮਝਾਉਂਦੇ ਹੋਏ ਕਿਹਾ।

ਇੱਕ ਦਮ ਵਰਖਾ ਸ਼ੁਰੂ ਹੋ ਗਈ। ਬੇਬੇ ਦੁਆਲੇ ਝੁਰਮਟ ਪਾਈ ਬੈਠੇ ਸਾਰੇ ਬੱਚੇ ਬਾਹਰ ਨੂੰ ਦੌੜ ਗਏ। ਉਹ ਵਰਖਾ ਦਾ ਅਨੰਦ ਮਾਣਨ ਲੱਗੇ। ਦੌੜਦੇ-ਦੌੜਦੇ ਉਹ ਟੋਭੇ ਦੇ ਕਿਨਾਰੇ ਜਾ ਪਹੁੰਚੇ। ਉਥੇ ਲੱਗੇ ਦਰਖਤ ਲਹਿਰਾ ਰਹੇ ਸਨ। ਡੱਡੂ ਟਰਾਂ-ਟਰਾਂ ਕਰ ਰਹੇ ਸਨ।



ਅਧਿਆਪਕ ਲਈ :- ਇਸ ਗੱਲ-ਬਾਤ ਤੋਂ ਉਪਰੰਤ ਅਧਿਆਪਕ ਪਾਣੀ ਦੇ ਹੋਰ ਸਰੋਤਾਂ ਬਾਰੇ ਜਿਵੇਂ ਵਰਖਾ, ਨਲਕਾ, ਤਾਲਾਬ, ਟਿਊਬਵੈੱਲ ਆਦਿ ਦੀ ਜਾਣਕਾਰੀ ਦੇਣਗੇ।



ਵਰਖਾ



ਨਦੀ



ਨਲਕਾ



ਟਿਊਬਵੈੱਲ

ਚਿੱਤਰ-14.5 ਪਾਣੀ ਦੇ ਵੱਖ ਵੱਖ ਸ੍ਰੋਤ

## ਕਿਰਿਆ : 2

ਘਰ ਵਿੱਚ ਪਾਣੀ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਹੁੰਦੀ ਹੈ, ਸੂਚੀ ਬਣਾਓ।

**ਕਿਰਿਆ : 3**

ਆਪਣੇ ਪਿੰਡ/ਮੁਹੱਲੇ ਵਿੱਚ ਉਪਲਬਧ ਪਾਣੀ ਦੇ ਵੱਖ-ਵੱਖ ਸਰੋਤਾਂ ਦੀ ਸੂਚੀ ਬਣਾਓ।

? – ਬੇਬੇ ਨੇ ਬੱਚਿਆਂ ਨੂੰ ਟੂਟੀ ਖੁੱਲ੍ਹੀ ਨਾ ਛੱਡਣ ਲਈ ਕਿਉਂ ਕਿਹਾ?

**ਕਿਰਿਆ : 4**

1. ਸਕੂਲ ਦੀ ਲੀਕ ਕਰ ਰਹੀ ਟੂਟੀ ਵਿੱਚੋਂ ਨਿਕਲ ਰਹੀਆਂ ਪਾਣੀ ਦੀਆਂ ਬੂੰਦਾਂ ਕਿਸੇ ਬਰਤਨ ਵਿੱਚ ਇਕੱਠੀਆਂ ਕਰਨ. ਉਪਰੰਤ ਵਿਅਰਥ ਜਾ ਰਹੇ ਪਾਣੀ ਦੀ ਮਾਤਰਾ ਦਾ ਅੰਦਾਜ਼ਾ ਲਗਾਓ।



ਚਿੱਤਰ 14.6 ਵਿਅਰਥ ਜਾ ਰਿਹਾ ਪਾਣੀ



ਅਧਿਆਪਕ ਲਈ :- ਉਪਰੋਕਤ ਤੋਂ ਇਲਾਵਾ ਅਧਿਆਪਕ ਵਿਦਿਆਰਥੀਆਂ ਨੂੰ ਪਾਣੀ ਦੀ ਮੁੜ ਵਰਤੋਂ ਸੰਬੰਧੀ ਵੀ ਜਾਣਕਾਰੀ ਦੇਣਗੇ। ਉਹਨਾਂ ਪੌਦਿਆਂ ਅਤੇ ਜਾਨਵਰਾਂ ਦੇ ਬਾਰੇ ਗੱਲਬਾਤ ਕਰਨਗੇ ਜੋ ਘੱਟ ਤੋਂ ਘੱਟ ਪਾਣੀ ਨਾਲ ਜੀਵਿਤ ਰਹਿ ਸਕਦੇ ਹਨ।

? 1. ਪਾਣੀ ਦੀ ਬੱਚਤ ਕਿਵੇਂ ਹੋ ਸਕਦੀ ਹੈ?

..........................................................................................................................

..........................................................................................................................

? 2. ਤੁਸੀਂ ਪਾਣੀ ਨੂੰ ਵਾਰ-ਵਾਰ ਕਿਵੇਂ ਵਰਤ ਸਕਦੇ ਹੋ?

..........................................................................................................................

..........................................................................................................................

? 3. ਪਾਣੀ ਦੇ ਵੱਖ-ਵੱਖ ਸਰੋਤ ਕਿਹੜੇ ਹਨ?

..........................................................................................................................

..........................................................................................................................

ਪਾਠ-15

# ਪਾਣੀ - ਸਾਡਾ ਜੀਵਨ

"ਸੰਦੀਪ, ਪਾਣੀ ਦੀ ਬੋਤਲ ਲੈ ਲਈ ਹੈ?" ਭੁਪਿੰਦਰ ਨੇ ਆਪਣੀ ਬੇਟੀ ਨੂੰ ਪੁੱਛਿਆ। "ਹਾਂ ਮੰਮੀ ਜੀ", ਉਸ ਨੇ ਕਿਹਾ। ਸੰਦੀਪ ਆਪਣੀ ਜਮਾਤ ਨਾਲ ਭਾਖੜਾ ਡੈਮ ਦੇਖਣ ਲਈ ਜਾ ਰਹੀ ਸੀ। ਸਾਰੇ ਬੱਚੇ ਬਹੁਤ ਖੁਸ਼ ਸਨ। ਰਸਤੇ ਵਿੱਚ ਉਹਨਾਂ ਨੇ ਫ਼ਸਲਾਂ ਨਾਲ ਲਹਿ-ਲਹਾਉਂਦੇ ਖੇਤ ਦੇਖੇ। ਇੱਕ ਥਾਂ ਕਿਸਾਨ ਖੇਤਾਂ ਨੂੰ ਟਿਊਬਵੈੱਲ ਰਾਹੀਂ ਪਾਣੀ ਲਾ ਰਿਹਾ ਸੀ। ਛੇਤੀ ਹੀ ਉਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਗਏ। ਉਥੇ ਸਰੋਵਰ ਵਿੱਚ ਇਸ਼ਨਾਨ ਕਰ ਰਹੇ ਵਿਅਕਤੀਆਂ ਨੂੰ ਵੇਖ ਕੇ ਉਹ ਬਹੁਤ ਖੁਸ਼ ਹੋਏ।



ਚਿੱਤਰ 15.1 ਖੇਤਾਂ ਨੂੰ ਪਾਣੀ ਲਾ ਰਿਹਾ ਕਿਸਾਨ



ਚਿੱਤਰ 15.2 ਸਰੋਵਰ ਵਿੱਚ ਇਸ਼ਨਾਨ ਕਰਦੇ ਵਿਅਕਤੀ

ਉਹਨਾਂ ਹੱਥ ਮੂੰਹ ਧੋਤਾ ਅਤੇ ਗੁਰਦੁਆਰੇ ਮੱਥਾ ਟੇਕਣ ਚੱਲ ਪਏ। ਬਾਹਰ ਆ ਕੇ ਉਹਨਾਂ ਨੇ ਇੱਕ ਪਾਰਕ ਵਿੱਚ ਬੈਠ ਕੇ ਨਾਸ਼ਤਾ ਕੀਤਾ।

"ਮੈਡਮ ਜੀ! ਇਹ ਸਾਰੇ ਜਣੇ ਆਪਣੇ ਨਾਲ ਪਾਣੀ ਕਿਉਂ ਲੈ ਕੇ ਜਾ ਰਹੇ ਹਨ?" ਪੂਨਮ ਨੇ ਸਰੋਵਰ ਵਿੱਚੋਂ ਪਾਣੀ ਭਰ ਕੇ ਲਿਜਾਂਦੇ ਲੋਕਾਂ ਬਾਰੇ ਪੁੱਛਿਆ। "ਬੇਟਾ! ਜਿੱਥੇ ਪਾਣੀ ਨੂੰ ਅਸੀਂ ਪੀਣ,

ਨਹਾਉਣ, ਕੱਪੜੇ ਧੋਣ, ਬਰਤਨ ਆਦਿ ਸਾਫ਼ ਕਰਨ ਲਈ ਵਰਤਦੇ ਹਾਂ, ਉਥੇ ਪਾਣੀ ਨੂੰ ਬਹੁਤ ਪਵਿੱਤਰ ਵੀ ਮੰਨਦੇ ਹਾਂ। ਇਸ ਦੀ ਸਾਡੇ ਜੀਵਨ ਵਿੱਚ ਧਾਰਮਿਕ ਤੇ ਸਮਾਜਿਕ ਮਹੱਤਤਾ ਹੈ। ਮੇਲਿਆਂ ਅਤੇ ਹੋਰ ਧਾਰਮਿਕ ਦਿਨਾਂ ਉੱਤੇ ਅਸੀਂ ਨਦੀਆਂ ਜਾਂ ਸਰੋਵਰਾਂ ਵਿੱਚ ਇਸ਼ਨਾਨ ਕਰਨ ਨੂੰ ਬਹੁਤ ਪਵਿੱਤਰ ਸਮਝਦੇ ਹਾਂ। ਪਿਆਰੇ ਬੱਚਿਓ! ਤੁਹਾਡੇ ਵਿੱਚੋਂ ਕੌਣ-ਕੌਣ ਸਰੋਵਰ ਵਿੱਚ ਨਹਾਇਆ ਹੈ?" "ਮੈਡਮ ਜੀ, ਮੈਂ ਆਪਣੇ ਮਾਤਾ-ਪਿਤਾ ਨਾਲ ਜਦੋਂ ਮਾਘੀ ਦਾ ਮੇਲਾ ਵੇਖਣ ਗਿਆ ਸੀ, ਤਾਂ ਅਸੀਂ ਸਾਰਿਆਂ ਨੇ ਸਰੋਵਰ ਵਿੱਚ ਇਸ਼ਨਾਨ ਕਰਨ ਪਿੱਛੋ ਹੀ ਮੱਥਾ ਟੇਕਿਆ ਸੀ।" ਮਨਜੀਤ ਖੁਸ਼ੀ-ਖੁਸ਼ੀ ਬੋਲਿਆ।

"ਬੱਚਿਓ! ਜਦੋਂ ਸੂਰਜ ਗ੍ਰਹਿਣ ਲੱਗਦਾ ਹੈ ਤਾਂ ਸਾਰੇ ਧਰਮਾਂ ਦੇ ਲੋਕ ਇਸ ਦੌਰਾਨ ਕੁਰੂਕਸ਼ੇਤਰ ਵਿਖੇ ਸਰੋਵਰ ਵਿੱਚ ਨਹਾਉਣ ਨੂੰ ਬਹੁਤ ਪਵਿੱਤਰ ਮੰਨਦੇ ਹਨ। ਜਦੋਂ ਅਸੀਂ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਹਾਂ ਤਾਂ ਉੱਥੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨਾ ਬਹੁਤ ਸ਼ੁਭ ਕੰਮ ਸਮਝਦੇ ਹਾਂ। ਸਾਰੇ ਸ਼ਰਧਾਲੂ ਹੋਰ ਪਵਿੱਤਰ ਦਿਨਾਂ ਜਿਵੇਂ ਵਿਸਾਖੀ, ਹੋਲ-ਮਹੱਲਾ ਜਾਂ ਗੁਰਪੁਰਬ ਆਦਿ ਨੂੰ ਸ੍ਰੀ ਆਨੰਦਪੁਰ ਸਾਹਿਬ ਦੇ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ।" ਮੈਡਮ ਨੇ ਬੱਚਿਆਂ ਨੂੰ ਪਾਣੀ ਦੀ ਪਵਿੱਤਰਤਾ ਬਾਰੇ ਸਮਝਾਉਂਦਿਆਂ ਦੱਸਿਆ।

ਬੱਚਿਓ! ਸਾਡਾ ਦੇਸ਼ ਖੇਤੀ-ਪ੍ਰਧਾਨ ਦੇਸ਼ ਹੈ। ਜਦੋਂ ਵਰਖਾ ਨਹੀਂ ਹੁੰਦੀ ਤਾਂ ਫਸਲਾਂ ਬਰਬਾਦ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਲੋਕਾਂ ਵਿੱਚ ਹਾਹਾਕਾਰ ਮਚ ਜਾਂਦੀ ਹੈ। ਲੋਕੀਂ ਵਰਖਾ ਦੀ ਖਾਤਰ ਰੱਬ ਅੱਗੇ ਆਪਣੇ-ਆਪਣੇ ਢੰਗ ਨਾਲ ਪ੍ਰਾਰਥਨਾ ਜਾਂ ਹੋਰ ਕਈ ਉਪਰਾਲੇ ਕਰਦੇ ਹਨ। ਪਿੰਡਾਂ ਵਿੱਚ ਕਈ ਤਰ੍ਹਾਂ ਦੇ ਯੱਗ ਜਾਂ ਲੰਗਰ ਲਗਾਏ ਜਾਂਦੇ ਹਨ। ਇਸਤਰੀਆਂ ਗੁੱਡੀ ਫੂਕ ਕੇ ਬਾਰਸ਼ ਲਈ ਪ੍ਰਾਰਥਨਾ ਕਰਦੀਆਂ ਹਨ। ਬੱਚੇ ਉੱਚੀ-ਉੱਚੀ ਹੇਠ ਲਿਖੀਆਂ ਲਾਈਨਾਂ ਬੋਲਦੇ ਹਨ।

ਕਾਲੀਆਂ ਇੱਟਾਂ ਕਾਲੇ ਰੋੜ,
ਮੀਂਹ ਵਰਸਾ ਦੇ ਜ਼ੋਰੋ ਜ਼ੋਰ।

ਬੱਚਿਓ! ਜਦੋਂ ਬਾਰਸ਼ ਸ਼ੁਰੂ ਹੁੰਦੀ ਹੈ ਤਾਂ ਸਾਰਿਆਂ ਦੇ ਚਿਹਰੇ ਉਤੇ ਖੁਸ਼ੀ ਵੇਖਣ ਵਾਲੀ ਹੁੰਦੀ ਹੈ। ਕਿਸਾਨਾਂ ਨੂੰ ਆਪਣੀਆਂ ਫਸਲਾਂ ਦੇ ਬਚਣ ਦੀ ਅਥਾਹ ਖੁਸ਼ੀ ਹੁੰਦੀ ਹੈ। ਸਾਰੇ ਫੁੱਲ-ਬੂਟੇ ਨਿੱਖਰ ਕੇ ਲਹਿਲਹਾਉਂਦੇ ਹੋਏ ਹੋਰ ਵੀ ਸੋਹਣੇ ਲੱਗਦੇ ਹਨ। ਪਰ ਲਗਾਤਾਰ ਜਾਂ ਜ਼ਿਆਦਾ ਵਰਖਾ ਕਾਰਨ ਅਸੀਂ ਬਹੁਤੇ ਔਖੇ ਤੇ ਦੁਖੀ ਵੀ ਹੋ ਜਾਂਦੇ ਹਾਂ। ਹੜ੍ਹਾਂ ਕਾਰਨ ਬਹੁਤ ਨੁਕਸਾਨ ਹੁੰਦਾ ਹੈ। ਮੈਡਮ ਨੇ ਬੱਚਿਆਂ ਨੂੰ ਵਰਖਾ ਬਾਰੇ ਵਿਸਥਾਰ ਵਿਚ ਸਮਝਾਉਂਦਿਆਂ ਕਿਹਾ।

"ਮੈਡਮ ਜੀ! ਕੀ ਪਾਣੀ ਨੂੰ ਕੇਵਲ ਅਸੀਂ ਹੀ ਵਰਤਦੇ ਹਾਂ", ਵਿਕਰਮ ਨੇ ਪੁੱਛਿਆ। "ਨਹੀਂ! ਪਾਣੀ ਉੱਤੇ ਤਾਂ ਸਭ ਜੀਵਾਂ ਦਾ ਹੱਕ ਹੈ। ਇਸ ਦੀ ਵਰਤੋਂ ਬਹੁਤ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਕੁਦਰਤ ਦਾ ਅਨਮੋਲ ਤੋਹਫ਼ਾ ਹੈ। ਕਦੇ ਵੀ ਇਸ ਨੂੰ ਅਜਾਈਂ ਨਹੀਂ ਗਵਾਉਣਾ ਚਾਹੀਦਾ।" ਮੈਡਮ ਨੇ ਸਾਰੇ ਬੱਚਿਆਂ ਨੂੰ ਪਾਣੀ ਬਾਰੇ ਵਿਸਥਾਰ ਵਿੱਚ ਦੱਸਦਿਆਂ ਕਿਹਾ।

ਕਿਰਿਆ : 1

ਬੱਚਿਆਂ ਨੂੰ ਪਾਣੀ ਦੀ ਵਰਤੋਂ ਦੇ ਵੱਖ-ਵੱਖ ਚਿੱਤਰ ਇਕੱਠੇ ਕਰਨ ਲਈ ਕਿਹਾ ਜਾਵੇਗਾ।

? 1. - ਪਾਣੀ ਦੀ ਵੱਖ-ਵੱਖ ਕੰਮਾਂ ਲਈ ਵਰਤੋਂ ਬਾਰੇ ਲਿਖੋ।

? 2. - ਜੇ ਪੌਦਿਆਂ ਨੂੰ ਪਾਣੀ ਨਾ ਮਿਲੇ ਤਾਂ ਕੀ ਹੋਵੇਗਾ।

ਨਾਸ਼ਤਾ ਕਰਨ ਤੋਂ ਬਾਅਦ ਵਿਦਿਆਰਥੀ ਉੱਥੋਂ ਭਾਖੜਾ ਡੈਮ ਵੱਲ ਚੱਲ ਪਏ। ਰਸਤੇ ਵਿੱਚ ਉਹਨਾਂ ਨੇ ਇੱਕ ਖੂਹ ਵੇਖਿਆ। ਉਸ ਖੂਹ ਉਤੇ ਕਈ ਔਰਤਾਂ ਪਾਣੀ ਭਰ ਰਹੀਆਂ ਸਨ। ਉਹਨਾਂ ਕੋਲ ਘੜੇ, ਬਾਲਟੀਆਂ ਅਤੇ ਹੋਰ ਬਰਤਨ ਸਨ। ਇੱਕ ਪਾਸੇ ਪੁਰਸ਼, ਪਸ਼ੂਆਂ ਨੂੰ ਪਾਣੀ ਪਿਲਾ ਰਹੇ ਸਨ ਤਾਂ ਦੂਜੇ ਪਾਸੇ ਔਰਤਾਂ ਕੱਪੜੇ ਧੋ ਰਹੀਆਂ ਸਨ। ਛੋਟੇ ਬੱਚੇ ਨਹਾ ਰਹੇ ਸਨ। ਸਾਰਾ ਪਾਣੀ ਨਾਲੀ ਰਾਹੀਂ ਨਾਲ ਲੱਗਦੇ ਪਾਰਕ ਵਿੱਚ ਜਾ ਰਿਹਾ ਸੀ। ਥੋੜ੍ਹਾ ਅੱਗੇ ਗਏ ਤਾਂ ਉਹਨਾਂ ਨੂੰ ਬਾਗ ਦੇ ਨਾਲ ਇੱਕ ਤਲਾਬ ਨਜ਼ਰ ਆਇਆ। ਸਾਰੇ ਬੱਚੇ ਉਸ ਨੂੰ ਦੇਖਣ ਲਈ ਬੱਸ ਵਿੱਚੋਂ ਉੱਤਰ ਆਏ। ਠੰਡੀ-ਠੰਡੀ ਹਵਾ ਚੱਲ ਰਹੀ ਸੀ। ਦੇਖੀਂ; ਪੈਲਾਂ ਪਾਉਂਦਾ ਮੋਰ ਕਿੰਨਾ ਸੋਹਣਾ ਲੱਗਦਾ ਹੈ। ਮਨੀਸ਼ਾ ਨੇ ਪ੍ਰੀਤੀ ਨੂੰ ਕਿਹਾ।



ਚਿੱਤਰ 15.3 ਪੈਲਾਂ ਪਾਉਂਦਾ ਮੋਰ

ਸਾਰੇ ਉਧੱਰ ਦੇਖਣ ਲੱਗ ਪਏ। ਛੇਤੀ ਹੀ ਬਾਰਸ਼ ਸ਼ੁਰੂ ਹੋ ਗਈ। ਬੱਚੇ ਦੌੜ ਕੇ ਬੱਸ ਵਿੱਚ ਬੈਠ ਗਏ। ਨਾਲ ਲੱਗਦੇ ਤਲਾਬ ਵਿੱਚੋਂ ਡੱਡੂਆਂ ਦੀਆਂ ਟ੍ਰੈਂ-ਟ੍ਰੈਂ ਕਰਨ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਦਸ ਕੁ ਮਿੰਟਾਂ ਤੱਕ ਧੁੱਪ ਨਿਕਲ ਆਈ। ਬਾਰਸ਼ ਰੁਕ ਗਈ। ਵੇਖਦੇ-ਵੇਖਦੇ ਅਸਮਾਨ ਵਿੱਚ ਕਈ ਰੰਗਾਂ ਵਾਲੀ ਪੱਟੀ ਬਣ ਗਈ। "ਮੈਡਮ ਜੀ! ਇਹ ਰੰਗ-ਬਿਰੰਗੀ ਪੱਟੀ ਕਿਥੋਂ ਆ ਗਈ ? " ਰਵਨੀਤ ਨੇ ਮੈਡਮ ਨੂੰ ਪੁੱਛਿਆ। "ਇਹ ਸਤਰੰਗੀ ਪੀਂਘ ਹੈ। ਮੀਂਹ ਤੋਂ ਬਾਅਦ ਹਵਾ ਵਿੱਚ ਪਾਣੀ ਦੇ ਕਣ ਰਹਿ ਜਾਂਦੇ ਹਨ। ਜਦੋਂ ਉਹਨਾਂ ਵਿੱਚੋਂ ਸੂਰਜ ਦੀਆਂ ਕਿਰਨਾਂ ਲੰਘਦੀਆਂ ਹਨ ਤਾਂ ਅਸਮਾਨ ਵਿੱਚ ਸਤਰੰਗੀ ਪੱਟੀ ਬਣ ਜਾਂਦੀ ਹੈ।"

ਗੱਲਾਂ ਕਰਦੇ-ਕਰਦੇ ਉਹ ਡੈਮ ਉਤੇ ਪਹੁੰਚ ਗਏ। ਦੂਰ-ਦੂਰ ਤੱਕ ਪਾਣੀ ਹੀ ਪਾਣੀ ਸੀ।

"ਮੈਡਮ ਜੀ! ਇਹ ਕਿਹੜੀ ਨਦੀ ਹੈ ? " ਮਨਦੀਪ ਨੇ ਪੁੱਛਿਆ। "ਬੇਟਾ! ਇਹ ਸਤਲੁਜ ਨਦੀ ਹੈ। ਜਦੋਂ ਡੈਮ ਨਹੀਂ ਬਣਿਆ ਸੀ ਤਾਂ ਇਸਦਾ ਪਾਣੀ ਖੁੱਲ੍ਹਾ ਵੱਗਦਾ ਸੀ। ਬਰਸਾਤ ਵਿੱਚ ਹੜ੍ਹ ਆ ਜਾਂਦੇ ਸਨ। ਬਹੁਤ ਨੁਕਸਾਨ ਹੁੰਦਾ ਸੀ। ਪਰ ਡੈਮ ਬਣਨ ਨਾਲ ਹੁਣ ਨੁਕਸਾਨ ਬਹੁਤ ਘੱਟ ਹੁੰਦਾ ਹੈ, ਫ਼ਾਇਦਾ ਬਹੁਤ ਜ਼ਿਆਦਾ", ਮੈਡਮ ਨੇ ਸਤਲੁਜ ਨਦੀ ਬਾਰੇ ਦੱਸਿਆ। "ਉਹ ਕਿਵੇਂ ਮੈਡਮ ਜੀ ? ", ਕਰਨ ਨੇ ਪੁੱਛਿਆ। "ਹੁਣ ਅਸੀਂ ਇਸ ਪਾਣੀ ਤੋਂ ਬਿਜਲੀ ਪੈਦਾ ਕਰਦੇ ਹਾਂ। ਜਿਸ ਨਾਲ ਸਾਡੇ ਘਰਾਂ ਵਿੱਚੋਂ ਰੋਸ਼ਨੀ ਹੁੰਦੀ ਹੈ, ਪੱਖੇ ਚਲਦੇ ਹਨ। ਤੁਹਾਡਾ ਕੰਪਿਊਟਰ ਤੇ ਟੀ.ਵੀ. ਚਲਦਾ ਹੈ" ਮੈਡਮ ਨੇ ਕਿਹਾ। "ਫਿਰ ਇਹ ਪਾਣੀ ਨਹਿਰਾਂ ਰਾਹੀਂ ਸਾਡੇ ਘਰਾਂ ਤੇ ਖੇਤਾਂ ਵਿੱਚ ਪਹੁੰਚਦਾ ਹੈ। ਇਸ ਪਾਣੀ ਨੂੰ ਅਸੀਂ ਸਿੰਜਾਈ ਅਤੇ ਘਰੇਲੂ ਕੰਮਾਂ ਲਈ ਵਰਤਦੇ ਹਾਂ। ਅੱਛਾ! ਇਹ ਦੱਸੋ ਕਿ ਤੁਸੀਂ ਕਿਵੇਂ ਨਹਾਉਂਦੇ ਹੋ ?" "ਮੈਡਮ ਜੀ ਮੈਂ ਤਾਂ ਆਪਣੇ ਪਿੰਡ ਦੇ ਖੂਹ ਉਤੇ ਰੱਜ-ਰੱਜ ਕੇ ਨਹਾਉਂਦਾ ਹਾਂ", ਦਵਿੰਦਰ ਕਹਿਣ ਲੱਗਾ। "ਮੈਡਮ ਜੀ! ਅਸੀਂ ਸਾਰਾ ਪਰਿਵਾਰ ਘਰ ਦੇ ਬਾਥ-ਰੂਮ ਵਿੱਚ ਨਹਾਉਂਦੇ ਹਾਂ। ਟੂਟੀ ਦਾ ਪਾਣੀ ਚਲਾ ਕੇ ਟੱਬ-ਬਾਲਟੀਆਂ ਭਰ-ਭਰ ਕੇ ਨਹਾਉਂਦੇ ਹਾਂ", ਸੁਨੀਤਾ ਨੇ ਚਾਈਂ-ਚਾਈਂ ਦੱਸਿਆ। "ਮੈਡਮ ਜੀ! ਮੈਂ ਤਾਂ ਵਿਹੜੇ ਵਿੱਚ ਲੱਗੇ ਹੈਂਡ

ਪੰਪ ਤੋਂ ਬਾਲਟੀ ਭਰ ਕੇ ਉਥੇ ਫਰਸ਼ ਉਤੇ ਹੀ ਨਹਾਉਂਦਾ ਹਾਂ। ਮੇਰੇ ਮਾਤਾ ਜੀ ਅੱਜ ਮੈਨੂੰ ਨਹਾਉਣ ਵੇਲੇ ਦੱਸ ਰਹੇ ਸਨ ਕਿ ਪਾਣੀ ਸਾਨੂੰ ਵਿਅਰਥ ਨਹੀਂ ਸੁੱਟਣਾ ਚਾਹੀਦਾ ਕਿਉਂ ਕਿ ਇਸ ਤਰ੍ਹਾਂ ਕਰਨ ਨਾਲ ਧਰਤੀ ਥੱਲੇ ਪਾਣੀ ਦੀ ਮਾਤਰਾ ਘਟਦੀ ਜਾਵੇਗੀ। ਜੇ ਅਸੀਂ ਇਸ ਦੀ ਵਰਤੋਂ ਸੰਭਾਲ ਦੇ ਨਹੀਂ ਕਰਾਂਗੇ ਤਾਂ ਸਾਡੇ ਪੀਣ ਜੋਗਾ ਪਾਣੀ ਵੀ ਨਹੀਂ ਬਚੇਗਾ", ਬੰਟੀ ਆਖਣ ਲੱਗਾ।

"ਹਾਂ ਬੱਚਿਓ! ਬੰਟੀ ਦੀ ਮੰਮੀ ਨੇ ਬਹੁਤ ਚੰਗੀ ਗੱਲ ਕਹੀ ਹੈ। ਸਾਨੂੰ ਪਾਣੀ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ। ਜੇ ਅਸੀਂ ਸਾਰੇ ਲੋੜ ਤੋਂ ਜ਼ਿਆਦਾ ਪਾਣੀ ਵਰਤਾਂਗੇ ਤਾਂ ਸੱਚਮੁੱਚ ਹੀ ਪਾਣੀ ਦੀ ਕਮੀ ਆ ਜਾਵੇਗੀ। ਸਾਨੂੰ ਨਹਾਉਣ ਵੇਲੇ, ਕੱਪੜੇ ਧੋਣ ਵੇਲੇ, ਹੱਥ-ਮੂੰਹ ਧੋਣ ਵੇਲੇ ਜ਼ਰੂਰਤ ਤੋਂ ਵੱਧ ਪਾਣੀ ਨਹੀਂ ਡੋਲ੍ਹਣਾ ਚਾਹੀਦਾ। ਮੈਡਮ ਨੇ ਬੱਚਿਆਂ ਨੂੰ ਪਾਣੀ ਦੀ ਸੰਭਾਲ ਬਾਰੇ ਦੱਸਦਿਆਂ ਆਖਿਆ।

"ਮੈਡਮ ਜੀ, ਪਾਣੀ ਨੂੰ ਅਸੀਂ ਕਾਹਦੇ ਵਿਚ ਸੰਭਾਲ ਸਕਦੇ ਹਾਂ? ਸਾਡੇ ਘਰ ਤਾਂ ਨਾ ਹੈਂਡ ਪੰਪ ਹੈ ਨਾ ਟੂਟੀ। ਮੇਰੇ ਮੰਮੀ ਜੀ ਬੱਸ ਦੋ ਬਾਲਟੀਆਂ ਨਾਲ ਹੀ ਸਾਰਾ ਦਿਨ ਲੰਘਾਉਂਦੇ ਹਨ", ਗੁਰਪ੍ਰੀਤ ਕਹਿਣ ਲੱਗੀ। "ਹਾਂ ਬੱਚਿਓ! ਪਾਣੀ ਨੂੰ ਅਸੀਂ ਆਪਣੇ ਘਰ ਵਿੱਚ ਬਾਲਟੀਆਂ ਤੋਂ ਇਲਾਵਾ ਘੜਿਆਂ ਵਿੱਚ, ਗਾਗਰਾਂ ਵਿੱਚ ਜਾਂ ਸੀਮਿੰਟ ਦੀ ਟੈਂਕੀ ਬਣਵਾ ਕੇ ਵੀ ਸਾਂਭ ਸਕਦੇ ਹਾਂ।" ਮੈਡਮ ਜੀ ਦੇ ਸਮਝਾਉਂਦੇ-ਸਮਝਾਉਂਦੇ ਸਾਨੂੰ ਪਤਾ ਹੀ ਨਹੀਂ ਚੱਲਿਆ ਕਿ ਅਸੀਂ ਕਦੋਂ ਵਾਪਸ ਘਰ ਵੀ ਪਹੁੰਚ ਗਏ। ਸੰਦੀਪ ਜਦੋਂ ਘਰ ਪਹੁੰਚਿਆ ਤਾਂ ਮਾਲ੍ਹ-ਪੂੜਿਆਂ ਦੀ ਖੁਸ਼ਬੂ ਨਾਲ ਉਸਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ।

**ਕਿਰਿਆ : 2**

ਪਾਣੀ ਸਟੋਰ ਕਰਨ ਵਾਲੇ ਬਰਤਨਾਂ ਦੇ ਚਿੱਤਰ ਚਾਰਟ ਉਤੇ ਚਿਪਕਾਓ।

**ਕਿਰਿਆ : 3**

ਘਰ ਵਿੱਚ ਰੋਜ਼ ਕਿੰਨਾਂ ਪਾਣੀ ਵੱਖ-ਵੱਖ ਕੰਮਾਂ ਲਈ ਵਰਤਿਆ ਜਾਂਦਾ ਹੈ, ਸੂਚੀ ਤਿਆਰ ਕਰਵਾਓ।

| ਉਦੇਸ਼ | ਮਾਤਰਾ |
|---|---|
| .................... | .................... |
| .................... | .................... |
| .................... | .................... |
| .................... | .................... |

? 1. - ਮੀਂਹ ਪੈਣ ਤੋਂ ਪਹਿਲਾਂ ਮੋਰ ਕੀ ਕਰਦੇ ਹਨ?

? 2. - ਬਰਸਾਤ ਦੇ ਮੌਸਮ ਵਿੱਚ ਬੱਚੇ ਕੀ ਖਾਣਾ ਪਸੰਦ ਕਰਦੇ ਹਨ?

? 3. - ਸਤਰੰਗੀ ਪੀਂਘ ਅਸਮਾਨ ਵਿੱਚ ਕਦੋਂ ਬਣਦੀ ਹੈ?



ਅਧਿਆਪਕ ਲਈ :- ਅਧਿਆਪਕ ਵਿਦਿਆਰਥੀਆਂ ਨੂੰ ਭਾਖੜਾ ਡੈਮ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਦੱਸੇ।

ਪਾਠ-16

# ਸ੍ਰੀ ਅੰਮ੍ਰਿਤਸਰ ਨੂੰ ਜਾਂਦਿਆਂ

ਮੇਰਾ ਨਾਂ ਬਸ਼ੀਰ ਹੈ। ਮੈਂ ਇੱਕ ਛੋਟੇ ਜਿਹੇ ਪਿੰਡ ਵਿਚ ਰਹਿੰਦਾ ਹਾਂ। ਮੇਰੇ ਪਿਤਾ ਜੀ ਖੇਤੀ ਕਰਦੇ ਹਨ। ਸਾਡੇ ਕੋਲ ਇੱਕ ਟਰੈਕਟਰ ਹੈ। ਜਿਸ ਨੂੰ ਮੇਰੇ ਪਿਤਾ ਜੀ ਖੇਤੀ ਕਰਨ ਲਈ ਵਰਤਦੇ ਹਨ। ਕਈ ਵਾਰ ਉਹ ਸਾਨੂੰ ਟਰੈਕਟਰ ਉੱਤੇ ਅਤੇ ਕਈ ਵਾਰ ਬਲਦ-ਗੱਡੀ ਉੱਤੇ ਖੇਤ ਲੈ ਕੇ ਜਾਂਦੇ ਹਨ। ਟਰੈਕਟਰ ਉੱਤੇ ਅਸੀਂ ਛੇਤੀ ਖੇਤ ਪਹੁੰਚ ਜਾਂਦੇ ਹਾਂ। ਨਵੇਂ ਕੱਪੜੇ ਖਰੀਦਣ ਲਈ ਸਾਨੂੰ ਸ਼ਹਿਰ ਜਾਣਾ ਪੈਂਦਾ ਹੈ। ਸਾਡਾ ਪਿੰਡ ਦਰਿਆ ਦੇ ਕਿਨਾਰੇ ਹੈ। ਮੇਰੇ ਚਾਚਾ ਜੀ ਦਰਿਆ ਦੇ ਪਾਰ ਦੂਜੇ ਪਿੰਡ ਵਿੱਚ ਰਹਿੰਦੇ ਹਨ। ਉਹਨਾਂ ਨੂੰ ਮਿਲਣ ਲਈ ਸਾਨੂੰ ਕਿਸ਼ਤੀ ਵਿੱਚ ਜਾਣਾ ਪੈਂਦਾ ਹੈ। ਉਹ ਡਾਕੀਆ ਹਨ। ਉਹ ਚਿੱਠੀਆਂ ਸਾਈਕਲ ਉਤੇ ਵੰਡਦੇ ਹਨ। ਉਹਨਾਂ ਨੇ ਮੇਰੀ ਵੱਡੀ ਭੈਣ ਰੁਬੀਨਾ ਨੂੰ, ਉਸਦੇ ਜਨਮ-ਦਿਨ ਉਤੇ ਸਾਈਕਲ ਤੋਹਫ਼ੇ ਵਜੋਂ ਦਿੱਤਾ ਸੀ। ਹੁਣ ਇਸ ਉੱਤੇ ਮੈਂ ਸਕੂਲ ਜਾਂਦਾ ਹਾਂ ਕਿਉਂਕਿ ਉਹ ਸ੍ਰੀ ਅੰਮ੍ਰਿਤਸਰ ਪੜ੍ਹਦੀ ਹੈ। ਉੱਥੇ ਜਾਣ ਲਈ ਪਹਿਲਾਂ ਉਹ ਸ਼ਹਿਰ ਤੱਕ ਬੱਸ ਵਿੱਚ ਜਾਂਦੀ ਹੈ, ਫਿਰ ਅੱਗੇ ਰੇਲ-ਗੱਡੀ ਵਿੱਚ ਜਾਂਦੀ ਹੈ।

**ਇਕ ਥਾਂ ਤੋਂ ਦੂਜੀ ਥਾਂ ਜਾਣ ਲਈ ਅਸੀਂ ਜਿਹਨਾਂ ਚੀਜ਼ਾਂ ਦੀ ਵਰਤੋਂ ਕਰਦੇ ਹਾਂ, ਉਹਨਾਂ ਨੂੰ ਆਵਾਜਾਈ ਦੇ ਸਾਧਨ ਕਹਿੰਦੇ ਹਾਂ।**


ਬਸ਼ੀਰ ਅਤੇ ਉਸਦੇ ਪਰਿਵਾਰ ਦੁਆਰਾ ਵੱਖ-ਵੱਖ ਸਥਾਨਾਂ ਉੱਤੇ ਜਾਣ ਲਈ ਵੱਖ-ਵੱਖ ਸਾਧਨ ਵਰਤੇ ਜਾਂਦੇ ਹਨ। ਆਓ ਆਪਾਂ ਇਹਨਾਂ ਦੇ ਨਾਂ ਲਿਖੀਏ।

1. ........................ 2. ........................ 3. ........................

4. ........................ 5. ........................ 6. ........................

ਪਿਛਲੇ ਹਫ਼ਤੇ ਮੇਰੇ ਮੰਮੀ ਅਤੇ ਮੈਂ ਸ੍ਰੀ ਅੰਮ੍ਰਿਤਸਰ ਗਏ। ਉੱਥੇ ਅਸੀਂ ਮੇਰੀ ਮਾਸੀ ਦੇ ਘਰ ਠਹਿਰੇ। ਉਹਨਾਂ ਨਾਲ ਅਸੀਂ ਬਹੁਤ ਸਾਰੀਆਂ ਪ੍ਰਸਿੱਧ ਥਾਂਵਾਂ ਦੇਖੀਆਂ। ਸਭ ਤੋਂ ਪਹਿਲਾਂ ਅਸੀਂ ਘਰ ਤੋਂ ਰਿਕਸ਼ਾ ਵਿੱਚ ਸ੍ਰੀ ਹਰਿਮੰਦਰ ਸਾਹਿਬ ਗਏ। ਉਥੇ ਮੱਥਾ ਟੇਕਣ ਤੋਂ ਬਾਅਦ ਅਸੀਂ ਜੱਲ੍ਹਿਆਂਵਾਲਾ ਬਾਗ ਦੇਖਣ ਗਏ ਜੋ ਕਿ ਨੇੜੇ ਹੀ ਸੀ। ਇਸ ਲਈ ਅਸੀਂ ਪੈਦਲ ਹੀ ਚਲੇ ਗਏ। ਫਿਰ ਅਸੀਂ ਆਟੋ-ਰਿਕਸ਼ਾ ਵਿੱਚ ਬੈਠੇ ਅਤੇ ਦੁਰਗਿਆਨਾ ਮੰਦਰ ਪਹੁੰਚੇ। ਉੱਥੋਂ ਅਸੀਂ ਤਾਂਗੇ ਵਿੱਚ ਬੈਠ ਕੇ ਚਿੜੀਆ-ਘਰ ਗਏ। ਤਾਂਗੇ ਵਿੱਚ ਮੈਂ ਪਹਿਲੀ ਵਾਰ ਬੈਠਾ ਸੀ। ਸ਼ਾਮ ਹੋ ਚੁੱਕੀ ਸੀ। ਅਸੀਂ ਆਟੋ-ਰਿਕਸ਼ਾ ਵਿੱਚ ਬੈਠੇ ਅਤੇ ਘਰ ਵਾਪਸ ਆ ਗਏ।

ਬਸ਼ੀਰ ਨੇ ਸ਼੍ਰੀ ਅੰਮ੍ਰਿਤਸਰ ਵਿੱਚ ਜੋ ਕੁਝ ਦੇਖਿਆ ਉਹ ਅੱਗੇ ਦਿੱਤੇ ਖਾਨੇ ਵਿੱਚ ਲਿਖੋ ਅਤੇ ਉਥੇ ਜਾਣ ਲਈ ਜਿਹੜੇ ਸਾਧਨਾਂ ਦੀ ਵਰਤੋਂ ਕੀਤੀ ਉਹ ਵੀ ਲਿਖੋ।




ਬੱਚਿਓ ਤੁਸੀਂ ਵੀ ਛੁੱਟੀਆਂ ਵਿੱਚ ਜ਼ਰੂਰ ਨਾਨੀ ਜਾਂ ਮਾਸੀ ਕੋਲ ਗਏ ਹੋਵੋਗੇ। ਉਥੇ ਤੁਸੀਂ ਕਿਹੜੀ-ਕਿਹੜੀ ਜਗ੍ਹਾ ਗਏ ਉਹਨਾਂ ਦੇ ਨਾਂ ਲਿਖੋ ਅਤੇ ਜਿਸ ਸਾਧਨ ਰਾਹੀਂ ਗਏ ਉਹ ਵੀ ਲਿਖੋ।

| ਜਗ੍ਹਾ | ਸਾਧਨ |
| --- | --- |
| ...................... | ...................... |
| ...................... | ...................... |

ਨੋਟ :— ਹੋ ਸਕਦਾ ਹੈ ਕੁੱਝ ਬੱਚਿਆਂ ਨੂੰ ਕਿਸੇ ਪ੍ਰਸਿੱਧ/ਮਹੱਤਵਪੂਰਨ ਸਥਾਨ ਉਤੇ ਜਾਣ ਦਾ ਮੌਕਾ ਨਾ ਮਿਲਿਆ ਹੋਵੇ। ਉਹਨਾਂ ਨੂੰ ਉਪਰੋਕਤ ਗਤੀਵਿਧੀ ਆਪਣੇ ਜਾਂ ਨੇੜੇ ਦੇ ਪਿੰਡ/ਸ਼ਹਿਰ ਬਾਰੇ ਵੀ ਕਰਵਾਈ ਜਾ ਸਕਦੀ ਹੈ।

ਕਿਰਿਆ : 1


ਪੁਰਾਣੇ ਅਖ਼ਬਾਰਾਂ ਜਾਂ ਰਸਾਲਿਆਂ ਵਿੱਚੋਂ ਆਵਾਜਾਈ ਦੇ ਸਾਧਨਾਂ ਦੀਆਂ ਤਸਵੀਰਾਂ ਕੱਟ ਕੇ ਇੱਥੇ ਚਿਪਕਾਉ ਅਤੇ ਨਾਂ ਲਿਖੋ।


ਮੇਰਾ ਨਾਂ ਰਾਧਿਕਾ ਹੈ। ਮੈਂ ਸ਼੍ਰੀ ਅੰਮ੍ਰਿਤਸਰ ਰਹਿੰਦੀ ਹਾਂ। ਮੈਂ ਆਪਣੇ ਸਕੂਲ ਵੈਨ ਵਿੱਚ ਜਾਂਦੀ ਹਾਂ। ਮੇਰੇ ਪਿਤਾ ਜੀ ਨੌਕਰੀ ਕਰਦੇ ਹਨ। ਉਹ ਦਫ਼ਤਰ ਸਕੂਟਰ ਉੱਤੇ ਜਾਂਦੇ ਹਨ। ਕਈ ਵਾਰ ਉਹਨਾਂ ਨੂੰ ਦੂਰ ਵੀ ਜਾਣਾ ਪੈਂਦਾ ਹੈ। ਫਿਰ ਉਹ ਕਾਰ ਵਿੱਚ ਜਾਂਦੇ ਹਨ। ਮੈਂ ਅਤੇ ਮੇਰੇ ਮੰਮੀ ਬਾਜ਼ਾਰ ਆਟੋ-ਰਿਕਸ਼ਾ ਵਿੱਚ ਜਾਂਦੇ ਹਾਂ।


## ਕਿਰਿਆ : 2

ਪਿਆਰੇ ਬੱਚਿਓ, ਆਉਣ-ਜਾਣ ਦੇ ਕੁੱਝ ਹੋਰ ਸਾਧਨ ਵੀ ਹਨ ਜਿਵੇਂ ਜੀਪ, ਮੋਟਰ-ਸਾਈਕਲ, ਮੈਟਰੋ, ਹਵਾਈ ਜਹਾਜ਼, ਸਮੁੰਦਰੀ ਜਹਾਜ਼। ਪੁਰਾਣੇ ਸਮਿਆਂ ਵਿੱਚ ਜਾਨਵਰਾਂ ਦੀ ਵਰਤੋਂ ਵੀ ਆਉਣ-ਜਾਣ ਲਈ ਕੀਤੀ ਜਾਂਦੀ ਸੀ ਜਿਵੇਂ ਹਾਥੀ, ਘੋੜਾ, ਊਠ ਅਤੇ ਖੱਚਰ ਆਦਿ। ਹੁਣ ਇਹਨਾਂ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ ਅਤੇ ਉਹ ਵੀ ਸਾਡੇ ਦੇਸ਼ ਦੇ ਕੁਝ ਕੁ ਭਾਗਾਂ ਵਿੱਚ ਹੀ।

ਹੇਠਾਂ ਕੁੱਝ ਸਾਧਨਾਂ ਦੇ ਚਿੱਤਰ ਦਿੱਤੇ ਗਏ ਹਨ। ਉਹਨਾਂ ਦੇ ਨਾਂ ਲਿਖੋ ਅਤੇ ਰੰਗ ਭਰੋ।









ਚਿੱਤਰ 16.1 ਆਵਾਜਾਈ ਦੇ ਵੱਖ ਵੱਖ ਸਾਧਨ

ਅਸੀਂ ਨੇੜੇ ਜਾਂ ਦੂਰ ਜਾਣ ਲਈ ਵੱਖ-ਵੱਖ ਸਾਧਨ ਵਰਤਦੇ ਹਾਂ। ਹੇਠਾਂ ਕੁੱਝ ਨੇੜੇ ਅਤੇ ਦੂਰ ਜਾਣ ਲਈ ਵਰਤੇ ਜਾਂਦੇ ਸਾਧਨ ਲਿਖੋ।

ਉਦਾਹਰਨ :

| ਨੇੜੇ | ਦੂਰ |
|---|---|
| ਸਾਈਕਲ | ਹਵਾਈ ਜਹਾਜ਼ |
| .................... | .................... |
| .................... | .................... |
| .................... | .................... |

ਨੇੜੇ ਜਾਣ ਲਈ ਆਮ ਤੌਰ 'ਤੇ ਸਾਈਕਲ ਵਰਤਦੇ ਹਾਂ ਜੋ ਕਿ ਬਹੁਤ ਵਧੀਆ ਸਾਧਨ ਹੈ। ਸਾਈਕਲ ਨਾ ਕੇਵਲ ਸਾਡੀ ਸਿਹਤ ਲਈ ਚੰਗਾ ਹੈ ਸਗੋਂ ਸਾਡੇ ਆਲੇ-ਦੁਆਲੇ (ਵਾਤਾਵਰਨ) ਨੂੰ ਪ੍ਰਦੂਸ਼ਨ ਤੋਂ ਵੀ ਬਚਾਉਂਦਾ ਹੈ। ਇਸ ਲਈ ਜਿੱਥੋਂ ਤੱਕ ਹੋ ਸਕੇ ਸਾਈਕਲ ਦੀ ਵਰਤੋਂ ਕਰਨੀ ਚਾਹੀਦੀ ਹੈ।

ਆਉਣ-ਜਾਣ ਦੇ ਸਾਧਨ :- ਕੁੱਝ ਸਾਧਨ ਸੜਕ ਉੱਤੇ ਚਲਦੇ ਹਨ, ਕੁੱਝ ਹਵਾ ਵਿੱਚ ਅਤੇ ਕੁੱਝ ਪਾਣੀ ਵਿੱਚ। ਹੇਠਾਂ ਆਉਣ-ਜਾਣ ਦੇ ਵੱਖ-ਵੱਖ ਤਰ੍ਹਾਂ ਦੇ ਸਾਧਨਾਂ ਦੇ ਨਾਂ ਲਿਖੋ।

ਸੜਕ ਉੱਤੇ ..........................................................................

ਹਵਾ ਵਿੱਚ ..........................................................................

ਪਾਣੀ ਵਿੱਚ ..........................................................................

? ਕੁੱਝ ਸਾਧਨ ਸਾਮਾਨ ਢੋਣ ਲਈ ਵਰਤੇ ਜਾਂਦੇ ਹਨ ਜਿਵੇਂ ਟਰੱਕ ਆਦਿ। ਕੀ ਤੁਸੀਂ ਅਜਿਹੇ ਹੋਰ ਸਾਧਨਾਂ ਦੇ ਨਾਂ ਲਿਖ ਸਕਦੇ ਹੋ?

..........................................................................

? ਤੁਹਾਡੇ ਸਕੂਲ ਵਿੱਚ ਸਾਮਾਨ ਕਿਹੜੇ-ਕਿਹੜੇ ਸਾਧਨਾਂ ਦੁਆਰਾ ਆਉਂਦਾ ਹੈ?

..........................................................................


? ਤੁਸੀਂ ਆਪਣੇ ਘਰ ਤੋਂ ਸਕੂਲ ਕਿਵੇਂ ਜਾਂਦੇ ਹੋ?

..........................................................................

? ਜੇ ਤੁਸੀਂ ਆਪਣੇ ਘਰ ਤੋਂ ਸ਼੍ਰੀ ਅੰਮ੍ਰਿਤਸਰ ਸਾਹਿਬ ਜਾਣਾ ਹੋਵੇ ਤਾਂ ਤੁਸੀਂ ਕਿਹੜੇ-ਕਿਹੜੇ ਸਾਧਨ ਵਰਤੋਗੇ? (ਇਸ ਲਈ ਤੁਸੀਂ ਆਪਣੇ ਮਾਤਾ-ਪਿਤਾ ਜਾਂ ਅਧਿਆਪਕ ਦੀ ਸਹਾਇਤਾ ਲੈ ਸਕਦੇ ਹੋ)

..........................................................................

**?** ਆਪਣੇ ਨਾਨਾ-ਨਾਨੀ ਜਾਂ ਦਾਦਾ-ਦਾਦੀ ਨੂੰ ਪੁੱਛੋ ਕਿ ਜਦ ਉਹ ਛੋਟੇ ਹੁੰਦੇ ਸਨ ਤਾਂ ਆਉਣ-ਜਾਣ ਲਈ ਕਿਹੜੇ-ਕਿਹੜੇ ਸਾਧਨਾਂ ਦੀ ਵਰਤੋਂ ਕਰਦੇ ਸਨ ?





ਚਿੱਤਰ 16.2 ਰੇਲਵੇ ਸਟੇਸ਼ਨ ਦਾ ਦ੍ਰਿਸ਼

**ਅਧਿਆਪਕ ਲਈ :** ਇਹ ਇੱਕ ਰੇਲਵੇ ਸਟੇਸ਼ਨ ਦੀ ਤਸਵੀਰ ਹੈ। ਲੋਕ ਵੱਖ-ਵੱਖ ਕੰਮਾਂ ਵਿੱਚ ਰੁੱਝੇ ਹੋਏ ਹਨ। ਬੱਚੇ ਬਹੁਤ ਕਲਪਨਾਸ਼ੀਲ ਹੁੰਦੇ ਹਨ। ਉਹਨਾਂ ਨੂੰ ਤਸਵੀਰ ਵਿਖਾਕੇ ਉਤਸ਼ਾਹਿਤ ਕੀਤਾ ਜਾਵੇ ਕਿ ਲੋਕ ਕੀ ਕਰ ਰਹੇ ਹਨ- ਇਸ ਬਾਰੇ ਖ਼ੁਦ ਲਿਖਣ।

| ਵਿਅਕਤੀ | ਕੰਮ | ਵਿਅਕਤੀ | ਕੰਮ |
|---|---|---|---|
| 1. .................. | .................. | 4. .................. | .................. |
| 2. .................. | .................. | 5. .................. | .................. |
| 3. .................. | .................. | 6. .................. | .................. |

ਹੇਠ ਲਿਖੀਆਂ ਬੁਝਾਰਤਾਂ ਨੂੰ ਬੁੱਝ ਅਤੇ ਚਿੱਤਰ ਨਾਲ ਮਿਲਾਨ ਕਰੋ :



ਚਿੱਤਰ 16.3

ਛੁੱਕ-ਛੁੱਕ ਦਾ ਰਾਗ ਸੁਣਾਉਂਦੀ,
ਮਟਕ-ਮਟਕ ਇਹ ਤੁਰਦੀ ਜਾਂਦੀ।



ਚਿੱਤਰ 16.4

ਉੱਚੇ ਅਸਮਾਨੀਂ ਉੱਡਦਾ ਜਾਵੇ,
ਝੱਟ ਪਹੁੰਚਾਵੇ ਦੇਰ ਨਾ ਲਾਵੇ।



ਚਿੱਤਰ 16.5

ਇਹ ਹੈ ਸਭ ਤੋਂ ਵਧੀਆ ਸਵਾਰੀ,
ਘੱਟ ਪ੍ਰਦੂਸ਼ਨ ਦੂਰ ਬਿਮਾਰੀ।

ਪਾਠ-17

# ਇੱਕ ਚਿੱਠੀ-ਤੁਹਾਡੇ ਲਈ


ਇਨਾਇਤ ਦੀ ਭੈਣ ਨਵਨੀਤ ਚੰਡੀਗੜ੍ਹ ਵਿਖੇ ਰਹਿੰਦੀ ਹੈ ਪ੍ਰੰਤੂ ਉਹ ਆਪਣੇ ਸੁਨੇਹੇ ਆਪਣੇ ਭਰਾ ਤੱਕ ਪਹੁੰਚਾ ਦਿੰਦੀ ਹੈ।

ਬੱਚਿਓ, ਹੇਠਾਂ ਦਿੱਤੇ ਚਿੱਤਰਾਂ ਨੂੰ ਧਿਆਨ ਨਾਲ ਦੇਖੋ ਅਤੇ ਟਿੱਕ (✓) ਲਗਾਓ ਕਿ ਕਿਸ ਵਸਤੂ ਰਾਹੀਂ ਨਵਨੀਤ ਆਪਣੇ ਸੁਨੇਹੇ ਆਪਣੇ ਭਰਾ ਕੋਲ ਪਹੁੰਚਾਉਂਦੀ ਹੈ।



ਚਿੱਤਰ 17.1 ਵੱਖ-ਵੱਖ ਵਸਤੂਆਂ

ਹੁਣ ਹੇਠਾਂ ਦਿੱਤੇ ਚਿੱਤਰਾਂ ਨੂੰ ਧਿਆਨ ਨਾਲ ਦੇਖੋ ਅਤੇ ਟਿੱਕ (✓) ਲਗਾਓ ਕਿ ਨਵਨੀਤ ਦੇ ਭਰਾ ਕੋਲ ਸੁਨੇਹੇ ਕੌਣ ਲੈ ਕੇ ਆਉਂਦਾ ਹੈ।



ਚਿੱਤਰ 17.2 ਵੱਖ-ਵੱਖ ਕਿੱਤਿਆ ਨਾਲ ਸੰਬੰਧਿਤ ਵਿਅਕਤੀ

ਹੁਣ ਤੁਸੀਂ ਜਾਣ ਗਏ ਹੋ ਕਿ ਦੂਰ ਰਹਿੰਦੇ ਲੋਕਾਂ ਦੇ ਸੁਨੇਹੇ ਸਾਡੇ ਤੱਕ ਚਿੱਠੀਆਂ ਰਾਹੀਂ ਪਹੁੰਚਦੇ ਹਨ। ਡਾਕੀਏ ਸਾਡੇ ਘਰ ਤੱਕ ਚਿੱਠੀਆਂ ਨੂੰ ਪਹੁੰਚਾਉਂਦੇ ਹਨ। ਆਓ ਜਾਣੀਏ ਇੱਕ ਚਿੱਠੀ ਕਿਵੇਂ ਸਾਡੇ ਤੱਕ ਪਹੁੰਚਦੀ ਹੈ :—

1. ਨਵਨੀਤ ਚਿੱਠੀ ਲਿਖ ਕੇ ਉਸ ਉੱਪਰ ਇਨਾਇਤ ਦਾ ਪਤਾ ਲਿਖਦੀ ਹੈ।
2. ਉਸਨੂੰ ਲੈਟਰ ਬੌਕਸ ਵਿੱਚ ਪਾ ਦਿੰਦੀ ਹੈ।
3. ਉਸਨੂੰ ਡਾਕੀਆ ਡਾਕਘਰ ਲਿਜਾ ਕੇ ਡਾਕਘਰ ਦੀ ਮੋਹਰ ਲਗਾਉਂਦਾ ਹੈ।
4. ਫਿਰ ਚਿੱਠੀ ਉਸ ਸ਼ਹਿਰ ਪਹੁੰਚਦੀ ਹੈ ਜਿਸ ਸ਼ਹਿਰ ਦਾ ਪਤਾ ਚਿੱਠੀ ਉੱਪਰ ਲਿਖਿਆ ਹੁੰਦਾ ਹੈ।
5. ਉਸ ਉੱਪਰ ਉਸ ਸ਼ਹਿਰ ਦੇ ਡਾਕਘਰ ਦੀ ਮੋਹਰ ਲਗਾਈ ਜਾਂਦੀ ਹੈ। ਅਖੀਰ ਵਿੱਚ ਡਾਕੀਆ ਉਸ ਚਿੱਠੀ ਨੂੰ ਇਨਾਇਤ ਕੋਲ ਪਹੁੰਚਾ ਦਿੰਦਾ ਹੈ।

ਅਧਿਆਪਕ ਲਈ :- ਅਧਿਆਪਕ ਵਿਦਿਆਰਥੀਆਂ ਨੂੰ ਸਾਡੇ ਤੱਕ ਚਿੱਠੀਆਂ ਪਹੁੰਚਣ ਦੀ ਪੂਰੀ ਪ੍ਰਕਿਰਿਆ ਨੂੰ ਜਮਾਤ ਵਿੱਚ ਕਰਵਾਏ।

**ਕਿਰਿਆ : 1**

ਬੱਚਿਓ ਡਾਕੀਏ ਕੋਲ ਕਈ ਤਰ੍ਹਾਂ ਦੀਆਂ ਚਿੱਠੀਆਂ ਹੁੰਦੀਆਂ ਹਨ। ਅਧਿਆਪਕ ਦੀ ਮੱਦਦ ਨਾਲ ਚਿੱਤਰਾਂ ਵਿੱਚ ਦਿੱਤੀਆਂ ਚਿੱਠੀਆਂ ਦੇ ਨਾਮ ਖਾਲੀ ਥਾਂ ਵਿਚ ਭਰੋ ?



ਚਿੱਤਰ 17.3 ਵੱਖ ਵੱਖ ਤਰ੍ਹਾਂ ਦੇ ਪੱਤਰ

ਚਿੱਠੀਆਂ ਤੋਂ ਬਿਨ੍ਹਾਂ ਕੁੱਝ ਹੋਰ ਵੀ ਤਰੀਕੇ ਹਨ ਜਿਹਨਾਂ ਨਾਲ ਅਸੀਂ ਆਪਣੇ ਸੁਨੇਹੇ ਦੂਸਰਿਆਂ ਤੱਕ ਪਹੁੰਚਾ ਸਕਦੇ ਹਾਂ। ਆਓ ਉਨ੍ਹਾਂ ਬਾਰੇ ਜਾਣੀਏ।



ਚਿੱਤਰ 17.4

ਮੈਨੂੰ .................. ਕਹਿੰਦੇ ਹਨ। ਜਦੋਂ ਡਾਕੀਏ ਅਤੇ ਡਾਕਖਾਨੇ ਨਹੀਂ ਹੁੰਦੇ ਸਨ ਤਾਂ ਲੋਕ ਮੇਰੇ ਰਾਹੀਂ ਆਪਣੇ ਸੁਨੇਹੇ ਦੂਰ ਦੂਰ ਭੇਜਦੇ ਸਨ। ਮੈਂ ਚਿੱਠੀ ਪਹੁੰਚਾਉਣ ਵਿੱਚ ਬਹੁਤ ਦੇਰ ਲਗਾ ਦਿੰਦਾ ਸੀ। ਕਦੇ-ਕਦੇ ਚਿੱਠੀਆਂ ਗੁਆਚ ਵੀ ਜਾਂਦੀਆਂ ਸਨ। ਜਦੋਂ ਤੋਂ ਚਿੱਠੀਆਂ ਭੇਜਣ ਦੇ ਨਵੇਂ ਸਾਧਨ ਲੱਭ ਗਏ ਹਨ ਤਾਂ ਲੋਕਾਂ ਨੇ ਮੇਰੇ ਦੁਆਰਾ ਚਿੱਠੀਆਂ ਭੇਜਣੀਆਂ ਬੰਦ ਕਰ ਦਿੱਤੀਆਂ

ਹਨ। ਕੁੱਝ ਲੋਕ ਸੁਨੇਹੇ ਦੇਣ ਲਈ ਘੋੜੇ ਉੱਪਰ ਜਾਂਦੇ ਸਨ। ਕੁੱਝ ਲੋਕ ਪੈਦਲ ਹੀ ਸਨੇਹਾ ਦੇਣ ਲਈ ਚਲੇ ਜਾਂਦੇ ਸਨ।

ਟੈਲੀਗ੍ਰਾਮ (ਤਾਰ) : ਮੇਰੀ ਵਰਤੋਂ ਅੱਜ ਕੱਲ੍ਹ ਬੰਦ ਹੋ ਗਈ ਹੈ। ਪੁਰਾਣੇ ਸਮੇਂ ਵਿੱਚ ਮੈਨੂੰ ਜ਼ਰੂਰੀ ਖਬਰਾਂ ਜਲਦੀ ਪਹੁੰਚਾਉਣ ਲਈ ਵਰਤਦੇ ਸਨ। ਪਿੰਡਾਂ ਵਿੱਚ ਤਾਰ ਦਾ ਪ੍ਰਾਪਤ ਹੋਣਾ ਅਕਸਰ ਮਾੜੀ ਖਬਰ ਦਾ ਸੁਨੇਹਾ ਮੰਨਦੇ ਸਨ।



ਚਿੱਤਰ 17.5

ਮੈਨੂੰ ............... ਕਹਿੰਦੇ ਹਨ। ਮੇਰੇ ਰਾਹੀਂ ਦੁਨੀਆਂ ਦੇ ਕੋਨੇ ਕੋਨੇ ਵਿਚ ਸੁਨੇਹੇ ਤੁਰੰਤ ਹੀ ਪਹੁੰਚ ਜਾਂਦੇ ਹਨ। ਮੇਰੇ ਰਾਹੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਜਦੋਂ ਕਿ ਚਿੱਠੀ ਦੁਆਰਾ ਸੀਮਤ ਗੱਲਬਾਤ ਕੀਤੀ ਜਾਂਦੀ ਹੈ। ਹੁਣ ਮੇਰੀ ਵਰਤੋਂ ਵੀ ਘਟਦੀ ਜਾਂਦੀ ਹੈ।

ਫੈਕਸ : ਮੈਨੂੰ ਫੈਕਸ ਕਹਿੰਦੇ ਹਨ। ਮੇਰੇ ਰਾਹੀਂ ਲਿਖੇ ਹੋਏ ਪੱਤਰਾਂ ਦੀ ਨਕਲ ਦੂਸਰੇ ਪਾਸੇ ਤੁਰੰਤ ਪ੍ਰਾਪਤ ਕੀਤੀ ਜਾ ਸਕਦੀ ਹੈ।



ਚਿੱਤਰ 17.6

ਮੈਨੂੰ ............. ਕਹਿੰਦੇ ਹਨ, ਮੇਰੇ ਰਾਹੀਂ ਜਦੋਂ ਚਾਹੋ-ਜਿੱਥੇ ਚਾਹੋ ਗੱਲਬਾਤ ਕੀਤੀ ਜਾ ਸਕਦੀ ਹੈ। ਮੈਂ ਲਿਖਤੀ ਚਿੱਠੀ ਵੀ ਤੁਰੰਤ ਭੇਜ ਦਿੰਦਾ ਹਾਂ। ਚਿੱਠੀ ਲਿਖਣ ਲਈ ਕਿਸੇ ਕਾਗਜ਼ ਜਾਂ ਪੈਨੱ ਦੀ ਲੋੜ ਵੀ ਨਹੀਂ ਹੁੰਦੀ। ਲੋਕ ਅਕਸਰ ਮੈਨੂੰ ਆਪਣੀ ਜੇਬ ਵਿੱਚ ਰੱਖਦੇ ਹਨ।

ਈਮੇਲ : ਮੈਂ ਈਮੇਲ ਹਾਂ। ਮੈਨੂੰ ਲਿਖਣ ਲਈ ਕਿਸੇ ਕਾਗਜ਼ ਜਾਂ ਪੈੱਨ ਦੀ ਲੋੜ ਨਹੀਂ ਹੁੰਦੀ। ਅੱਜ ਕੱਲ੍ਹ ਤੁਹਾਡੇ ਸਕੂਲਾਂ ਵਿੱਚ ਸੁਨੇਹੇ ਮੇਰੇ ਰਾਹੀਂ ਤੁਰੰਤ ਪਹੁੰਚ ਜਾਂਦੇ ਹਨ। ਮੇਰਾ ਪੂਰਾ ਨਾਮ ਇਲਕਟ੍ਰੌਨਿਕ ਮੇਲ ਹੈ ਜਿਸਨੂੰ ਈਮੇਲ ਵੀ ਕਿਹਾ ਜਾਂਦਾ ਹੈ। ਮੈਨੂੰ ਕੰਪਿਊਟਰ ਰਾਹੀਂ ਭੇਜਿਆ ਜਾਂਦਾ ਹੈ।



ਅਧਿਆਪਕ ਲਈ : ਵਿਦਿਆਰਥੀਆਂ ਨੂੰ ਤਾਰ, ਫੈਕਸ ਅਤੇ ਈਮੇਲ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ ਜਾਵੇ।

ਕਿਰਿਆ : 2

ਆਪਣੇ ਬਜ਼ੁਰਗਾਂ ਨੂੰ ਪੁੱਛੋ ਕਿ ਜਦੋਂ ਉਹ ਛੋਟੇ ਹੁੰਦੇ ਸਨ ਤਾਂ ਆਪਣੇ ਸੁਨੇਹੇ ਦੂਰ ਰਹਿੰਦੇ ਰਿਸ਼ਤੇਦਾਰਾਂ ਤੱਕ ਕਿਵੇਂ ਪਹੁੰਚਾਉਂਦੇ ਸਨ?

? – ਉੱਪਰ ਦਿੱਤੇ ਸਾਧਨਾਂ ਵਿਚੋਂ ਤੁਸੀਂ ਆਪਣੇ ਸੁਨੇਹੇ ਭੇਜਣ ਲਈ ਕਿਸ ਸਾਧਨ ਦੀ ਵਰਤੋਂ ਕਰੋਗੇ ਅਤੇ ਕਿਉਂ?

ਕਿਰਿਆ : 3

ਆਪਣੇ ਘਰ ਪ੍ਰਾਪਤ ਹੋਈਆਂ ਚਿੱਠੀਆਂ ਇਕੱਠੀਆਂ ਕਰੋ। ਵੇਖੋ ਕਿ ਕਿਸੇ ਚਿੱਠੀ ਉੱਪਰ ਟਿਕਟ ਹੈ ਜੋ ਚਿੱਠੀ ਤੋਂ ਉਤਾਰੀ ਜਾ ਸਕਦੀ ਹੋਵੇ। ਅਜਿਹੀਆਂ ਟਿਕਟਾਂ ਇਕੱਠੀਆਂ ਕਰੋ ਅਤੇ ਖਾਲੀ ਸਥਾਨ ਵਿੱਚ ਚਿਪਕਾਓ।





ਪਾਠ-18

# ਫੁੱਲਾਂ ਵਾਲੀ ਫ਼ਰਾਕ

ਸਤਵੀਰ ਅਤੇ ਮਨਦੀਪ ਦੋਵੇਂ ਸਕੇ ਭੈਣ ਭਰਾ ਹਨ। ਅੱਜ ਰੱਖੜੀ ਦਾ ਤਿਉਹਾਰ ਹੋਣ ਕਰਕੇ ਸਤਵੀਰ ਅਤੇ ਮਨਦੀਪ ਨੂੰ ਉਹਨਾਂ ਦੀ ਦਾਦੀ ਨੇ ਸਵੇਰੇ ਹੀ ਨੁਹਾ ਦਿੱਤਾ। ਉਹਨਾਂ ਦੀ ਮੰਮੀ ਨੇ ਨਵੇਂ ਕੱਪੜੇ ਪਹਿਨਾ ਦਿੱਤੇ। ਦੋਵੇਂ ਬਹੁਤ ਸੋਹਣੇ ਲੱਗ ਰਹੇ ਸਨ। ਸਤਵੀਰ ਨੇ ਮਨਦੀਪ ਦੇ ਗੁੱਟ ਉੱਤੇ ਰੱਖੜੀ ਬੰਨ ਦਿੱਤੀ ਅਤੇ ਲੱਡੂ ਖੁਆ ਕੇ ਮੂੰਹ ਮਿੱਠਾ ਕਰਵਾ ਦਿੱਤਾ।


ਚਿੱਤਰ 18.1 ਰੱਖੜੀ ਬੰਨਦੇ ਹੋਏ

"ਸਾਡਾ ਤੋਹਫਾ", ਮਨਦੀਪ ਨੇ ਸਭ ਵੱਲ ਵੇਖਦਿਆਂ ਕਿਹਾ। ਉਹਨਾਂ ਦੇ ਦਾਦਾ ਜੀ ਨੇ ਦੋਵਾਂ ਨੂੰ ਹੀ ਰੰਗ ਬਰੰਗੇ ਕਾਗਜ਼ ਵਿੱਚ ਲਪੇਟਿਆ ਇੱਕ ਇਕ ਡੱਬਾ ਦੇ ਦਿੱਤਾ।

ਮਨਦੀਪ ਨੇ ਸਤਵੀਰ ਤੋਂ ਪਹਿਲਾਂ ਹੀ ਆਪਣਾ ਡੱਬਾ ਖੋਲ੍ਹ ਲਿਆ। ਉਸ ਵਿਚੋਂ ਇੱਕ ਕੱਪੜਾ ਨਿਕਲਿਆ। "ਦਾਦਾ ਜੀ, ਇਸ ਦਾ ਮੈਂ ਕੀ ਕਰਾਂ ? ", ਮਨਦੀਪ ਨੇ ਪੁੱਛਿਆ।

"ਬੇਟਾ, ਇਹ ਤੁਹਾਡੇ ਬੰਨ੍ਹਣ ਲਈ ਪੱਗ ਹੈ", ਦਾਦਾ ਜੀ ਨੇ ਜਵਾਬ ਦਿੱਤਾ।

ਉਹਨਾਂ ਦੇ ਪਾਪਾ ਨੂੰ ਕੁੱਝ ਨਵਾਂ ਸੁੱਝਿਆ। ਉਨ੍ਹਾਂ ਨੇ ਦੋਵਾਂ ਬੱਚਿਆਂ ਨੂੰ ਕੋਲ ਬੁਲਾਇਆ ਅਤੇ ਇਸ ਅਣਸੀਤੇ ਕੱਪੜੇ ਨੂੰ ਕਈ ਤਰੀਕਿਆਂ ਨਾਲ ਪਹਿਨਣਾ ਸਿਖਾਇਆ।

? – ਤਸਵੀਰਾਂ ਪਹਿਚਾਣੋ ਅਤੇ ਲਿਖੋ ਕਿ ਬੱਚਿਆਂ ਨੇ ਇਸ ਕੱਪੜੇ ਨੂੰ ਕਿਵੇਂ-ਕਿਵੇਂ ਪਹਿਨਿਆ ਹੈ?


(ੳ) (ਅ) (ੲ)

ਚਿੱਤਰ 18.2 ਅਣਸੀਤਾ ਕੱਪੜਾ ਪਹਿਨਣ ਦੇ ਵੱਖ-ਵੱਖ ਤਰੀਕੇ

ਹੇਠਾਂ ਦਿੱਤੇ ਚਿੱਤਰ ਵਿੱਚ ਅਣਸੀਤੇ ਕੱਪੜਿਆਂ ਨੂੰ ਵੱਖ-ਵੱਖ ਢੰਗਾਂ ਨਾਲ ਲੱਕ ਦੁਆਲੇ ਬੰਨ੍ਹਿਆ ਗਿਆ ਹੈ। ਅਧਿਆਪਕ ਦੀ ਮਦਦ ਨਾਲ ਪਹਿਚਾਣੋ ਕਿ ਇਸ ਤਰੀਕੇ ਨਾਲ ਬੰਨ੍ਹੇ ਗਏ ਕੱਪੜੇ ਨੂੰ ਕੀ ਕਹਿੰਦੇ ਹਨ।



ਚਿੱਤਰ 18.3 ਅਣਸੀਤੇ ਕੱਪੜਿਆਂ ਨੂੰ ਪਹਿਨਣ ਦੇ ਵੱਖ ਵੱਖ ਤਰੀਕੇ

ਸਤਵੀਰ ਨੇ ਵੀ ਆਪਣਾ ਡੱਬਾ ਖੋਲ੍ਹ ਲਿਆ। ਉਸ ਵਿਚੋਂ ਫ਼ਰਾਕ ਨਿਕਲੀ। ਫ਼ਰਾਕ ਉੱਪਰ ਫੁੱਲਾਂ ਵਾਲਾ ਬੜਾ ਸੋਹਣਾ ਨਮੂਨਾ ਸੀ। ਮਨਦੀਪ ਬੜਾ ਹੈਰਾਨ ਸੀ। ਉਸਨੇ ਆਪਣੇ ਪਾਪਾ ਨੂੰ ਪੁੱਛਿਆ, "ਪਾਪਾ ਫ਼ਰਾਕ ਉਪਰ ਫੁੱਲ ਕਿਸਨੇ ਬਣਾਏ ਹਨ ? "

## ਕੀ ਤੁਸੀਂ ਜਾਣਦੇ ਹੋ ?

ਕੱਪੜੇ ਉਪਰ ਨਮੂਨੇ / ਡਿਜ਼ਾਇਨ ਬਣਾਉਣ ਲਈ ਕਾਰਖਾਨਿਆਂ (ਕੱਪੜਿਆਂ ਦੀਆਂ ਮਿੱਲਾਂ) ਵਿੱਚ ਵੱਡੀਆਂ-ਵੱਡੀਆਂ ਮਸ਼ੀਨਾਂ ਦੀ ਸਹਾਇਤਾ ਲਈ ਜਾਂਦੀ ਹੈ। ਕੁੱਝ ਲੋਕ ਘਰਾਂ ਵਿੱਚ ਵੀ ਕੱਪੜਿਆਂ ਉੱਪਰ ਨਮੂਨੇ ਛਾਪਣ ਦਾ ਕੰਮ ਕਰਦੇ ਹਨ। ਨਮੂਨੇ ਬਣਾਉਣ ਲਈ ਲੱਕੜ ਤੋਂ ਬਣੇ ਠੱਪੇ ਵਰਤੇ ਜਾਂਦੇ ਹਨ। ਉਹ ਇੱਕ ਰੰਗ ਵਿੱਚ ਦੂਸਰਾ ਰੰਗ ਮਿਲਾ ਕੇ ਨਵਾਂ ਰੰਗ ਤਿਆਰ ਕਰਦੇ ਹਨ। ਅਜਿਹੇ ਰੰਗ ਕਰਨ/ ਨਮੂਨੇ ਬਣਾਉਣ ਵਾਲਿਆਂ ਨੂੰ ਲਲਾਰੀ ਜਾਂ ਕੱਪੜਾ ਠੇਕਣ ਵਾਲੇ ਵੀ ਕਿਹਾ ਜਾਂਦਾ ਹੈ।

ਮਨਦੀਪ ਅਤੇ ਸਤਵੀਰ ਨੂੰ ਉਸਦੇ ਪਾਪਾ ਨੇੜੇ ਰਹਿੰਦੇ ਇੱਕ ਲਲਾਰੀ ਦੇ ਘਰ ਲੈ ਗਏ। ਲਲਾਰੀ ਨੇ ਦੋਹਾਂ ਬੱਚਿਆਂ ਨੂੰ ਕੱਪੜਿਆਂ ਉੱਪਰ ਨਮੂਨੇ ਬਣਾਉਣ ਲਈ ਵਰਤੇ ਜਾਂਦੇ ਲੱਕੜ ਦੇ ਠੱਪੇ ਦਿਖਾਏ।




ਚਿੱਤਰ 18.4 ਛਪਾਈ ਦੇ ਠੱਪੇ

ਲਲਾਰੀ ਨੇ ਇੱਕ ਰੰਗ ਵਿੱਚ ਦੂਜਾ ਰੰਗ ਮਿਲਾ ਕੇ ਕੁੱਝ ਨਵੇਂ ਰੰਗ ਤਿਆਰ ਕਰਕੇ ਦਿਖਾਏ। ਕੀ ਤੁਸੀਂ ਜਾਣਦੇ ਹੋ ਕਿ ਇੱਕ ਰੰਗ ਵਿੱਚ ਦੂਸਰਾ ਰੰਗ ਮਿਲਾਉਣ ਨਾਲ ਨਵਾਂ ਰੰਗ ਤਿਆਰ ਹੋ ਜਾਂਦਾ ਹੈ? ਇਸ ਤਰ੍ਹਾਂ ਸੈਂਕੜੇ ਰੰਗ ਤਿਆਰ ਕੀਤੇ ਜਾ ਸਕਦੇ ਹਨ।


ਕਿਰਿਆ : 1

ਦਿੱਤੇ ਹੋਏ ਚਿੱਤਰ ਵਿੱਚ ਪਹਿਲੇ ਦੋਵੇਂ ਤਾਰਿਆਂ ਵਿੱਚ ਮਨਪਸੰਦ ਰੰਗ ਭਰੋ, ਫਿਰ ਤੀਸਰੇ ਤਾਰੇ ਵਿੱਚ ਦੋਵੇਂ ਰੰਗ ਮਿਲਾ ਕੇ ਨਵਾਂ ਰੰਗ ਤਿਆਰ ਕਰਕੇ ਭਰੋ।



ਚਿੱਤਰ 18.5 ਰੰਗਾਂ ਤੋਂ ਰੰਗ

ਲਲਾਰੀ ਨੇ ਕਈ ਚੁੰਨੀਆਂ ਉੱਪਰ ਗੰਢਾਂ ਮਾਰੀਆਂ। ਅਲੱਗ-ਅਲੱਗ ਰੰਗਾਂ ਨੂੰ ਮਿਲਾ ਕੇ ਤਿਆਰ ਕੀਤੇ ਰੰਗਾਂ ਨਾਲ ਚੁੰਨੀਆਂ ਨੂੰ ਰੰਗਿਆ। ਇਸ ਨਾਲ ਚੁੰਨੀਆਂ ਉਪਰ ਬੜੇ ਸੋਹਣੇ ਨਮੂਨੇ ਤਿਆਰ ਹੋ ਗਏ।



ਚਿੱਤਰ 18.6 ਕੱਪੜਿਆਂ ਉੱਪਰ ਵੱਖ-ਵੱਖ ਡਿਜ਼ਾਇਨ

ਲਲਾਰੀ ਦੇ ਘਰ ਬੱਚਿਆਂ ਨੇ ਬਹੁਤ ਕੁੱਝ ਨਵਾਂ ਸਿੱਖਿਆ। ਘਰ ਵਾਪਸ ਆ ਕੇ ਮਨਦੀਪ ਜ਼ਿੱਦ ਕਰਨ ਲੱਗਾ ਕਿ ਮੈਂ ਵੀ ਲੱਕੜ ਦੇ ਠੱਪੇ ਨਾਲ ਰੰਗ ਕਰਨਾ ਹੈ।

ਉਸਦੀ ਮੰਮੀ ਨੇ ਕਿਹਾ, "ਬੇਟਾ ਆਪਣੇ ਘਰ ਲੱਕੜ ਦੇ ਠੱਪੇ ਨਹੀ ਹਨ।" ਮਨਦੀਪ ਦੀ ਦਾਦੀ ਨੇ ਉਸਨੂੰ ਵੱਖ-ਵੱਖ ਸਬਜ਼ੀਆਂ ਕੱਟ ਕੇ ਠੱਪੇ ਬਣਾ ਕੇ ਦਿੱਤੇ। ਇਨ੍ਹਾਂ ਠੱਪਿਆਂ ਨਾਲ ਮਨਦੀਪ ਨੇ ਸਾਫ਼ ਕਾਗਜ਼ ਉੱਪਰ ਚਿੱਤਰ ਤਿਆਰ ਕੀਤਾ।

ਕਿਰਿਆ : 2

ਤੁਸੀਂ ਵੀ ਅਜਿਹਾ ਕਰ ਸਕਦੇ ਹੋ।

(1) ਆਪਣੇ ਮਨਪਸੰਦ ਰੰਗ ਲਵੋ ਜਾਂ ਅਲੱਗ-ਅਲੱਗ ਰੰਗਾਂ ਨੂੰ ਮਿਲਾ ਕੇ ਨਵੇਂ ਰੰਗ ਤਿਆਰ ਕਰੋ।

(2) ਆਲੂ ਨੂੰ ਚਿੱਤਰ 18.7 ਵਾਂਗ ਕੱਟ ਲਵੋ। ਤੁਸੀਂ ਆਪਣੀ ਮਰਜ਼ੀ ਦਾ ਡਿਜ਼ਾਇਨ ਵੀ ਬਣਾ ਸਕਦੇ ਹੋ।

(3) ਸਾਫ ਕੱਪੜੇ ਉੱਪਰ ਆਲੂ ਦੇ ਠੱਪੇ ਅਤੇ ਰੰਗ ਦੀ ਸਹਾਇਤਾ ਨਾਲ ਚਿੱਤਰ ਬਣਾਓ।

(4) ਇਸੇ ਤਰਾਂ ਭਿੰਡੀ, ਪਹਾੜੀ ਮਿਰਚ ਅਤੇ ਪਿਆਜ ਦੀ ਮਦਦ ਵੀ ਲਈ ਜਾ ਸਕਦੀ ਹੈ।



ਚਿੱਤਰ 18.7 ਕੱਟੇ ਹੋਏ ਆਲੂ ਉੱਪਰ ਟਮਾਟਰ ਦਾ ਨਮੂਨਾ

ਮਨਦੀਪ ਦੁਆਰਾ ਬਣਾਏ ਚਿੱਤਰ ਉੱਪਰ ਅਚਾਨਕ ਸਤਵੀਰ ਤੋਂ ਪਾਣੀ ਡੁੱਲ੍ਹ ਗਿਆ। ਕੁੱਝ ਥਾਵਾਂ ਤੋਂ ਰੰਗ ਉੱਤਰ ਗਿਆ। ਮਨਦੀਪ ਰੋਣ ਲੱਗ ਪਿਆ। ਉਸਦੀ ਦਾਦੀ ਨੇ ਚੁੱਪ ਕਰਾਉਂਦੇ ਹੋਏ ਮਨਦੀਪ ਨੂੰ ਦੱਸਿਆ ਕਿ ਕੁੱਝ ਰੰਗ ਕੱਚੇ ਹੋਣ ਕਰਕੇ ਉਤੱਰ ਜਾਂਦੇ ਹਨ। ਰੰਗ ਉੱਤਰ ਜਾਣ ਤੋਂ ਬਾਅਦ ਕੱਪੜੇ ਵੀ ਭੱਦੇ ਦਿਖਣ ਲੱਗ ਜਾਂਦੇ ਹਨ। ਫਿਰ ਇਹਨਾਂ ਨੂੰ ਪਹਿਨਣ ਨੂੰ ਦਿਲ ਨਹੀਂ ਕਰਦਾ। ਪ੍ਰੰਤੂ ਪੱਕੇ ਰੰਗ ਖਰਾਬ ਨਹੀਂ ਹੁੰਦੇ।

? – ਰੰਗ ਉਤੱਰ ਜਾਣ ਤੋਂ ਬਾਅਦ ਕੱਪੜੇ ਕਿਹੋ ਜਿਹੇ ਦਿਸਦੇ ਹਨ?

..........................................................................................................

..........................................................................................................

ਪਾਠ-19


# ਮਿੱਟੀ ਦੇ ਖਿਡੌਣੇ

ਪ੍ਰਵੀਨ ਅੱਜ ਬਹੁਤ ਖੁਸ਼ ਹੈ। ਉਸ ਨੇ ਮਿੱਟੀ ਦੇ ਬਹੁਤ ਸਾਰੇ ਖਿਡੌਣੇ ਬਣਾਏ ਸਨ। ਉਹਨਾਂ ਨੂੰ ਸੁੱਕ ਜਾਣ ਤੋਂ ਬਾਅਦ ਅੱਜ ਉਹ ਰੰਗ ਕਰ ਰਹੀ ਹੈ।

ਤੁਹਾਨੂੰ ਵੀ ਪ੍ਰਵੀਨ ਵਾਂਗ ਖਿਡੌਣੇ ਜ਼ਰੂਰ ਚੰਗੇ ਲਗਦੇ ਹੋਣਗੇ। ਕੀ ਤੁਸੀਂ ਵੀ ਕਦੇ ਮਿੱਟੀ ਦੇ ਖਿਡੌਣੇ ਬਣਾਏ ਹਨ? ਨਹੀਂ, ਆਓ ਦੇਖੀਏ ਕਿ ਪ੍ਰਵੀਨ ਨੇ ਇਹ ਖਿਡੌਣੇ ਕਿਵੇਂ ਬਣਾਏ ਸਨ।

ਸਭ ਤੋਂ ਪਹਿਲਾਂ ਉਸ ਨੇ ਚੀਕਣੀ-ਮਿੱਟੀ ਨੂੰ ਪਾਣੀ ਪਾ ਕੇ ਚੰਗੀ ਤਰ੍ਹਾਂ ਗੁੰਨ੍ਹ ਲਿਆ। ਫਿਰ ਉਸ ਨੇ ਗੁੰਨ੍ਹੀ ਹੋਈ ਮਿੱਟੀ ਨੂੰ ਰੋਟੀ ਵਾਂਗ ਵੇਲ ਲਿਆ। ਉਸ ਤੋਂ ਬਾਅਦ ਪ੍ਰਵੀਨ ਨੇ ਮਿੱਟੀ ਨੂੰ ਵੱਖ-ਵੱਖ ਤਰੀਕਿਆਂ ਨਾਲ ਕੱਟਿਆ।

ਉਸ ਦੀ ਮੰਮੀ ਵੀ ਉਸ ਕੋਲ ਆ ਬੈਠੇ। ਪ੍ਰਵੀਨ ਨੇ ਉਹਨਾਂ ਨੂੰ ਵੀ ਕੁੱਝ ਬਣਾਉਣ ਲਈ ਕਿਹਾ। ਮੰਮੀ ਨੇ ਮਿੱਟੀ ਦਾ ਇੱਕ ਪੇੜਾ ਬਣਾਇਆ ਅਤੇ ਉਸ ਨੂੰ ਵਿਚਕਾਰ ਤੋਂ ਅੰਗੂਠੇ ਨਾਲ ਹੌਲੀ-ਹੌਲੀ ਦਬਾਇਆ। ਜਦੋਂ ਇਹ ਕੌਲੀ ਵਾਂਗ ਬਣ ਗਿਆ ਤਾਂ ਇੱਕ ਪਾਸਿਓਂ ਅੰਗੂਠੇ ਨਾਲ ਦਬਾ ਦਿੱਤਾ ਅਤੇ ਇਹ ਇੱਕ ਦੀਵਾ ਬਣ ਗਿਆ।



ਚਿੱਤਰ 19.1 ਮਿੱਟੀ ਤੋਂ ਬਣਾਏ ਵੱਖ-ਵੱਖ ਆਕਾਰ

ਫਿਰ ਉਹਨਾਂ ਨੇ ਮਿੱਟੀ ਦੀ ਇੱਕ ਛੋਟੀ ਅਤੇ ਮੋਟੀ ਜਿਹੀ ਰੋਟੀ ਬਣਾਈ। ਬਾਕੀ ਮਿੱਟੀ ਨੂੰ ਉਹਨਾਂ ਮੋਟੀ ਰੱਸੀ ਵਾਂਗ ਲੰਬਾ ਕਰ ਲਿਆ ਅਤੇ ਉਸ ਰੋਟੀ ਉੱਤੇ ਉਪੱਰ ਨੂੰ ਟਿਕਾਉਣਾ ਸ਼ੁਰੂ ਕਰ ਦਿੱਤਾ। ਇਹ ਗਲਾਸ ਵਾਂਗ ਬਣ ਗਿਆ। ਸੁੱਕ ਜਾਣ ਤੋਂ ਬਾਅਦ ਰੰਗ ਕਰਕੇ ਪ੍ਰਵੀਨ ਉਸ ਵਿੱਚ ਆਪਣੇ ਪੈੱਨ ਅਤੇ ਪੈੱਨਸਿਲਾਂ ਰੱਖਦੀ ਹੈ। ਮਾਂ ਨੂੰ ਇਹ ਸਭ ਕਰਦੇ ਵੇਖ ਕੇ ਪ੍ਰਵੀਨ ਬਹੁਤ ਖੁਸ਼ ਸੀ।

ਪ੍ਰਵੀਨ ਆਪਣੇ ਮੰਮੀ ਨੂੰ ਇਹ ਸਭ ਬਣਾਉਂਦਿਆਂ ਦੇਖ ਕੇ ਹੈਰਾਨ ਹੋ ਰਹੀ ਸੀ। ਉਸ ਨੇ ਆਖਿਰ ਪੁੱਛ ਹੀ ਲਿਆ ਕਿ ਮੰਮੀ ਤੁਹਾਨੂੰ ਇਹ ਸਭ ਕਿਵੇਂ ਆਉਂਦਾ ਹੈ? ਉਸਦੇ ਮੰਮੀ ਨੇ ਦੱਸਿਆ ਕਿ ਜਦ ਉਹ ਛੋਟੇ ਹੁੰਦੇ ਸਨ ਤਾਂ ਉਹਨਾਂ ਨੇ ਮਿੱਟੀ ਦੇ ਅਜਿਹੇ ਬਹੁਤ ਸਾਰੇ ਬਰਤਨ ਬਣਾਉਣੇ ਸਿੱਖੇ ਸਨ, ਜਿਹਨਾਂ ਵਿੱਚ ਉਹ ਘਰ ਦੀਆਂ ਕਈ ਚੀਜ਼ਾਂ ਸੰਭਾਲਦੇ ਸਨ, ਜਿਵੇਂ ਅਨਾਜ, ਦਾਲਾਂ ਆਦਿ।

1. ਤੁਸੀਂ ਮਿੱਟੀ ਦੇ ਕਿਹੜੇ-ਕਿਹੜੇ ਬਰਤਨ ਵੇਖੇ ਹਨ?

.................................................................................................

2. ਕੀ ਤੁਹਾਡੇ ਘਰ ਵੀ ਅਜਿਹੇ ਬਰਤਨ ਹਨ ਜੋ ਮਿੱਟੀ ਦੇ ਬਣੇ ਹਨ?

.................................................................................................

3. ਤੁਸੀਂ ਇਹਨਾਂ ਵਿੱਚ ਕੀ-ਕੀ ਰੱਖਦੇ ਹੋ?

.................................................................................................

4. ਕੀ ਤੁਸੀਂ ਹਰੇਕ ਚੀਜ਼ ਇਹਨਾਂ ਵਿੱਚ ਰੱਖ ਸਕਦੇ ਹੋ?

.................................................................................................

**ਕਿਰਿਆ : 1**

ਅਧਿਆਪਕ ਵਿਦਿਆਰਥੀਆਂ ਨੂੰ ਕੁੱਝ ਮਿੱਟੀ ਦੇ ਖਿਡੌਣੇ ਘਰੋਂ ਬਣਾ ਕੇ ਲਿਆਉਣ ਲਈ ਕਹਿ ਸਕਦਾ ਹੈ।

ਬਹੁਤ ਸਮਾਂ ਪਹਿਲਾਂ ਮਿੱਟੀ ਦੇ ਬਰਤਨ ਇਸ ਤਰ੍ਹਾਂ ਹੀ ਬਣਾਏ ਜਾਂਦੇ ਸਨ। ਫਿਰ ਜਿਵੇਂ-ਜਿਵੇਂ ਮਨੁੱਖ ਦੀ ਸਮਝ ਵਿਕਸਿਤ ਹੋਈ ਬਰਤਨ ਬਣਾਉਣ ਦਾ ਤਰੀਕਾ ਬਦਲਦਾ ਗਿਆ। ਜਦੋਂ ਤੋਂ ਮਨੁੱਖ ਚੱਕ ਦੀ ਵਰਤੋਂ ਕਰਨ ਲੱਗ ਪਿਆ ਤਾਂ ਉਹ ਬਹੁਤ ਪ੍ਰਕਾਰ ਦੇ ਅਤੇ ਵੱਖ-ਵੱਖ ਆਕਾਰ ਦੇ ਬਰਤਨ ਬਣਾਉਣ ਦੇ ਯੋਗ ਹੋ ਗਿਆ। ਮਜ਼ਬੂਤੀ ਲਈ ਇਹਨਾਂ ਨੂੰ ਮਨੁੱਖ ਨੇ ਅੱਗ ਵਿੱਚ ਪਕਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਦੇ ਬਰਤਨ ਉਸ ਲਈ ਬਹੁਤ ਲਾਹੇਵੰਦ ਸਿੱਧ ਹੋਏ। ਮਨੁੱਖ ਇਸ ਪ੍ਰਕਾਰ ਦੇ ਬਰਤਨਾਂ ਵਿੱਚ ਆਪਣੀਆਂ ਵਸਤੂਆਂ ਨੂੰ ਪਹਿਲਾਂ ਨਾਲੋਂ ਵਧੇਰੇ ਸੁਰੱਖਿਅਤ ਰੱਖ ਸਕਦਾ ਸੀ। ਇਸ ਤੋਂ ਵੀ ਵੱਡੀ ਗੱਲ ਸੀ ਕਿ ਅੱਗ ਵਿੱਚ ਪੱਕੇ ਹੋਏ ਬਰਤਨਾਂ ਵਿੱਚ ਦੁੱਧ ਅਤੇ ਪਾਣੀ ਅਰਥਾਤ ਤਰਲ ਪਦਾਰਥ ਵੀ ਰੱਖੇ ਜਾ ਸਕਦੇ ਸਨ ਅਤੇ ਇਹ ਬਰਤਨ ਪਹਿਲਾਂ ਵਾਂਗ ਖੁਰਦੇ ਨਹੀਂ ਸਨ। ਹੁਣ ਉਸ ਨੇ ਆਪਣੀਆਂ ਰੀਝਾਂ ਨੂੰ ਦਰਸਾਉਣ ਲਈ ਬਰਤਨਾਂ ਉੱਪਰ ਵੱਖ-ਵੱਖ ਆਕ੍ਰਿਤੀਆਂ ਜਿਵੇਂ ਜਾਨਵਰ, ਪੌਦੇ ਅਤੇ ਸੂਰਜ-ਚੰਦ



ਚਿੱਤਰ 19.2 ਪੁਰਾਣੇ ਸਮਿਆਂ ਵਿੱਚ ਵਰਤੇ ਜਾਣ ਵਾਲੇ ਮਿੱਟੀ ਦੇ ਬਰਤਨ

ਆਦਿ ਬਣਾਉਣੇ ਸ਼ੁਰੂ ਕਰ ਦਿੱਤੇ ਅਤੇ ਵੱਖ-ਵੱਖ ਰੰਗਾਂ ਨਾਲ ਇਹਨਾਂ ਨੂੰ ਸਜਾਉਣ ਲੱਗ ਪਿਆ। ਕਈ ਜਗ੍ਹਾ 'ਤੇ ਖੁਦਾਈ ਸਮੇਂ ਅਜਿਹੇ ਬਰਤਨ ਜਾਂ ਉਹਨਾਂ ਦੇ ਟੁਕੜੇ ਮਿਲੇ ਹਨ। ਇਹਨਾਂ ਨੂੰ ਆਮ ਲੋਕਾਂ ਦੇ ਦੇਖਣ ਲਈ ਜਿਸ ਥਾਂ ਸੰਭਾਲ ਕੇ ਰੱਖਿਆ ਜਾਂਦਾ ਹੈ, ਉਸ ਨੂੰ ਅਜਾਇਬ ਘਰ ਕਹਿੰਦੇ ਹਨ।

**ਅਧਿਆਪਕ ਲਈ :-** ਪੰਜਾਬ ਵਿੱਚ ਬਹੁਤ ਸਾਰੇ ਅਜਾਇਬ ਘਰ ਹਨ। ਹੋ ਸਕਦਾ ਹੈ ਤੁਹਾਡੇ ਨਜ਼ਦੀਕੀ ਪਿੰਡ ਜਾਂ ਸ਼ਹਿਰ ਵਿੱਚ ਕੋਈ ਅਜਾਇਬ ਘਰ ਹੋਵੇ ਅਤੇ ਜੇ ਸੰਭਵ ਹੋਵੇ ਤਾਂ ਬੱਚਿਆਂ ਨੂੰ ਉੱਥੇ ਲਿਜਾਇਆ ਜਾਵੇ।

**ਕਿਰਿਆ : 2**

ਕੀ ਤੁਸੀਂ ਜਾਣਦੇ ਹੋ ਕਿ ਜੋ ਮਿੱਟੀ ਦੇ ਭਾਂਡੇ ਬਣਾਉਂਦਾ ਹੈ ਉਸ ਨੂੰ ਘੁਮਿਆਰ ਕਹਿੰਦੇ ਹਨ। ਕੀ ਤੁਸੀਂ ਕਦੇ ਕਿਸੇ ਘੁਮਿਆਰ ਨੂੰ ਮਿੱਟੀ ਦੇ ਭਾਂਡੇ ਬਣਾਉਂਦੇ ਹੋਏ ਦੇਖਿਆ ਹੈ। ਜੇ ਨਹੀਂ ਤਾਂ ਆਪਣੇ ਮਾਤਾ-ਪਿਤਾ ਜਾਂ ਪਰਿਵਾਰ ਦੇ ਕਿਸੇ ਹੋਰ ਵੱਡੇ ਮੈਂਬਰ ਨਾਲ ਜਾ ਕੇ ਦੇਖੋ ਕਿ ਉਹ ਕਿਵੇਂ ਭਾਂਡੇ ਬਣਾਉਂਦਾ ਅਤੇ ਪਕਾਉਂਦਾ ਹੈ।



ਚਿੱਤਰ 19.3 ਮਿੱਟੀ ਤੋਂ ਦੀਵਾ ਬਣਾਉਂਦੇ ਹੋਏ